ਵਿਚ ਜਾਵੇ ਤਾਂ ਬਦਨਾਮ , ਖਾਣ ਨੂੰ ਨਹੀਂ, ਲਾਣ ਨੂੰ ਨਹੀਂ। ਜਾਏ ਤਾਂ ਕਿਧਰ ? ਰੋਵੇ ਤਾਂ ਕਿਸਦੇ ਕੋਲ ? ਹਾਇ! (ਇਹ ਕਹਿਕੇ ਡਾਢਾਂ ਮਾਰਕੇ ਰੋ ਪਈ ਅਰ ਫੁਟ ਫੁਟਕੇ ਰੋਈ) ਹਾਇ! ਪਾਪੀ ਦੇਸ਼! ਤੇ ਹਾਇ ਦਿਖਾਵੇ ਦੀਆਂ ਸਭਾਂ, ਸੁਸੈਟੀਆਂ, ਮਜਲਸਾਂ,ਸਮਾਜਾਂ, ਅੰਜਮਨਾ ਦੇ ਕੇਵਲ ਦਿਖਾਵੇ ਦੇ ਆਗੂ! ਸਭ ਪਾਸੇ ਘੁੜ ਦੌੜ ਕਰ ਰਹੇ ਨੇ, ਪਰ ਸਾਡੀ ਕੋਈ ਸੁਰਤ ਨਹੀਂ! ਉਹੀ ਸੂਲਾਂ ਦੀ ਸੇਜ! ਤੇ ਉਹੋ ਦੋਖਾਂ ਦੀ ਸੁਗਾਤ! ਹਾਹੁਕੇ ਭੀ ਉੱਚੇ ਨਹੀਂ ਭਰ ਸਕਦੀਆਂ, ਕਿਤੇ ਕਿਤੇ ਸਾਡੀ ਸਹਾਇਤਾ ਦਾ ਬੀੜਾ ਉਠਾਕੇ "ਵਿਧਵਾ ਸਹਾਇਤਾ" ਦੇ ਨਾਅਰੇ ਮਾਰੇ ਜਾ ਰਹੇ ਹਨ, ਪਰ ਜਦੋਂ ਆਪਣੇ ਪੁਰ ਕਿਸੇ ਦੇ ਘਰ ਆ ਬਣਦੀ ਹੈ, ਲੈਕਚਰ, ਵਖਯਾਨ ਅਖਬਾਰ ਨਵੀਸੀ ਸਭ ਗੁੰਮ! ਲੋਕਾਂ ਨੂੰ ਵਿਧਵਾ ਵਿਵਾਹ ਦੇ ਉਪਦੇਸ਼ ਪਰ ਉਹ ਭੀ ਕਿਤੇ ਕਿਤੇ ਟਾਵੇਂ ਟਾਵੇਂ, ਪਰ ਆਪ ਵਰਤਣ ਨੂੰ "ਨੱਕ ਰੱਖਣੀ", ਕਿਸੇ ਦੀ ਧੀ, ਕਿਸੇ ਦੀ ਭੈਣ ਕਿਸੇ ਦੀ ਨੂੰਹ, ਰਲ ਕੀ, ਘਰ ਘਰ, ਬੂਹੇ ਬੂਹੇ, ਜੀਉਂਦੀ ਚਿਖਾ ਬਲ ਰਹੀ ਹੈ, ਜਿਸ ਦੇਸ (ਭਾਰਤ ਵਰਖ) ਵਿਚ ਦਰਵਜੇ ਦਰਵਜੇ ਤੇ ਸ਼ਮਸ਼ਾਨ ਧੁਖ ਰਹੇ ਹੋਣ ਦੱਸ ਭੈਣ! ਉਹ ਦੇਸ ਕਿਸਤਰਾਂ ਬਧੇ ਤੇ ਫੁਲੇ "ਢਾਈ ਕਰੋੜ ਤੋਂ ਵੱਧ" ਰਬ ਦੀਆਂ ਬੰਦੀਆਂ ਗੋਹੇ ਵਾਂਗ ਧੁਖ ਰਹੀਆਂ ਨੇ, "ਹਾਇ! ਢਾਈ "ਕ੍ਰੋੜ" ਨਾਮ ਲੈਕੇ ਸ੍ਰੀਰ ਕੰਬ ਜਾਂਦਾ ਹੈ, ਪਰ ਅਸਾਂ ਵਿਚਾਰੀਆਂ ਕਰਮਾਂ ਦੀਆਂ ਮਾਰੀਆਂ ਦਾ ਕੀ ਜ਼ੋਰ! ਅੰਦਰ ਖਾਨੇ ਭਲਿਆਂ ਭਲਿਆਂ ਦੀਆਂ ਰੰਡੀਆਂ ਧੀਆਂ ਨੂੰਹਾਂ ਪਾਪ ਤੇ ਖੋਟੇ ਕਰਮ ਕਰਦੀਆਂ, ਮੁਸ਼ਟੰਡੇ,

ਟੁਕੜੇ ਛੈਨਾਂ ਨਾਲ ਨਿਕਲਕੇ ਨੱਕ ਸਾਰੀ ਉਮਰ ਲਈ ਲੰਮਾ ਕਰ ਜਾਂਦੀਆਂ ਨੇ 'ਪਰ ਕੀ ਮਜਾਲ' ਕਿ ਇਸ ਬੇਗ਼ੈਰਤੇ ਦੇਸ ਦੇ ਬੇਗ਼ੈਰਤੇ ਮਨੁਖਾਂ ਦੇ ਕੰਨਾਂ ਪਰ (ਜੋ ਕਦੇ ਦੇਵਤੇ ਅਰ ਪਰਸਪਰ ਦੇ ਦਰਦ ਨਾਲ ਪੀੜਤ ਦਿਲ ਰਖਦੇ ਸਨ) ਜੂੰ ਵੀ ਸਰਕ ਜਾਏ, ਇਹ ਐਸੇ ਰਾਖਸ਼ੀ ਸੁਭਾਓ ਦੇ ਮਾਲਕ ਹੋਗਏ ਨੇ, ਕਿ ਕਿਸੇ ਦੇ ਦਰਦ ਦੀ ਸਾਂਝ ਇਨ੍ਹਾਂ ਵਿਚ ਮੂਲੋਂ ਹੀ ਨਹੀਂ ਰਹੀ! ਸ਼ੋਕ ਇਸ ਬੇਦਰਦੀ ਪਰ, ਇਸ ਦੇਸ ਦੇ ਵਾਸੀ ਕਦੋਂ ਤਕ ਫੁਲ ਫੁਲ ਬਹਿਣਗੇ?

ਸੁਹਾਗ ਕੌਰ-(ਸੁਣਕੇ ਅੱਖਾਂ ਵਿੱਚ ਹੰਝੂ ਭਰ ਆਈ ਅਰ ਕਹਿਣ ਲਗੀ) ਭੈਣੇ! ਸੱਚਾ ਸੱਚ ਆਖਿਆ ਈ! ਐਡੇ ਪਾਪ ਹੋ ਰਹੇ ਨੇ, ਜਿਨ੍ਹਾਂ ਤੋਂ ਪਤਾ ਨਹੀਂ ਵਾਹਿਗੁਰੂ ਦੀ ਦਰਗਾਹ ਵਿੱਚ ਇਹ ਲੋਕ (ਮਨੁੱਖ, ਜਿਨ੍ਹਾਂ ਦੀ ਗਰਦਨ ਪਰ ਇਸ ਸਾਰੇ ਪਾਪ ਦਾ ਭਾਰ ਹੈ) ਕਿੱਦਾਂ ਮੂੰਹ ਵਿਖਾ ਸਕਣਗੇ! ਪਰ ਬਣੇ ਕੀ?

ਦੁਖਵੰਤੀ-ਸਭ ਕੁਝ ਬਣ ਸਕਦਾ ਹੈ, ਬੀਰ ਉਠੋ ਤੇ ਕਰਕੇ ਕਮਾਕੇ ਵਿਖਾਏ ਵਿਧਵਾ ਵਿਆਹ ਦੀ ਆਮ ਖੁਲ੍ਹ ਕੀਤੀ ਜਾਵੇ। ਦੇਸ ਤੇ ਕੌਮ ਦਾ ਭਲਾ ਚਾਹੁਣ ਵਾਲੇ ਇਸ ਕੰਮ ਨੂੰ ਵੀ ਉੱਨਤੀ ਦੇ ਜ਼ਰੂਰੀ ਸਾਧਨਾ ਵਿੱਚੋਂ ਇਕ ਸਮਝਨ। ਜਿਨ੍ਹਾਂ ਦੀਆਂ ਧੀਆਂ ਨੂੰਹਾਂ, ਭੈਣਾਂ, ਵਿਧਵਾ ਨੇ ਉਨ੍ਹਾਂ ਨੂੰ ਰੱਬ ਅਕਲ ਦੇਵੇ, ਤਾਂ ਜੋ ਉਨ੍ਹਾਂ ਵਿਚਾਰੀਆਂ ਪਰ ਤਰਸ ਕਰਕੇ ਉਨ੍ਹਾਂ ਦੇ ਵਿਆਹ ਕਰਾ ਦੇਣ, ਤੇ ਸਾਰੀ ਉਮਰ ਲਈ ਅੰਦਰ ਅੰਦਰ ਸਿਰ ਸੁਆਹ ਨਾ ਪਵਾਨ। ਗੁਰੂ ਗੋਬਿੰਦ ਸਿੰਘ ਜੀ ਸੱਚੇ ਪਾਤਸ਼ਾਹ ਦੇ ਸਿੰਘਾਂ ਨੇ ਹੀ ਇਸ ਦੁਖ ਨੂੰ ਕੱਟਣ ਵਾਸਤੇ

ਸਭ ਤੋਂ ਅਗੇ ਵਧਕੇ ਦੇਸ ਵਿਚ ਪਹਿਲ ਕੀਤੀ ਸੀ। ਹੁਣ ਵੀ ਜੇ ਇਹ ਲੋਕ "ਵਾਹਿਗੁਰੂ ਜੀ ਕੇ ਖਾਲਸੇ" ਬਣਨ ਤਾਂ ਸਭ ਕੁਝ ਹੋ ਸਕਦਾ ਹੈ। ਦੁਖੀਆਂ ਅਰ ਦਰਦ ਮੰਦਾਂ ਦੇ ਦਰਦ ਦੂਰ ਕਰਨ ਦਾ ਬੀੜਾ ਵਾਹਿਗੁਰੂ, ਅਕਾਲ ਪੁਰਖ ਦੇ ਹੁਕਮ ਨਾਲ ਜਗਤ ਪਰ ਆਏ ਜਗਤ ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਵੱਲੋਂ ਇਨ੍ਹਾਂ ਨੂੰ ਸਪੁਰਦ ਕੀਤਾ ਗਿਆ ਹੈ। ਵਾਹਿਗੁਰੂ ਇਨ੍ਹਾਂ ਦੇ ਮਨ ਵਿੱਚ ਸਾਡਾ ਤਰਸ ਪਾਵੇ!

ਪਿਆਰੇ ਪਾਠਕੋ! ਦੇਸ ਦੇ ਸ਼ੁਭ ਚਿੰਤਕੋ! ਅਰ ਭਾਰਤ ਦੇ ਵਾਸੀਓ! ਇਨ੍ਹਾਂ ਗਰੀਬ, ਅਬਲਾ ਬੇਜ਼ਬਾਨ ਦੁਖਿਆਰਨਾਂ ਦੀ ਬਾਂਹ ਫੜੋ! ਵਾਹਿਗੁਰੂ ਤੁਹਾਡੇ ਲਈ ਦਰਗਾਹ ਵਿੱਚ ਸੁਖ ਤੇ ਸ਼ਾਂਤੀ ਦੇ ਦਰਵਾਜ਼ੇ ਖੋਲ੍ਹੇਗਾ? ਗੁਰੂ ਰਾਖਾ! ਲਓ ਹੁਣ ਬੱਸ! ਹੋਰ ਫੇਰ ਸਹੀ!

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ।
ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਇਆਣੀ ਬਾਲੀ ਕਿਆ ਕਰੇ ਜਾ ਧਨ ਕੰਤ ਨ ਭਾਵੇ ।
ਕਰਣ ਪਲਾਹ ਕਰੇ ਬਹੁਤੇਰੇ ਸਾ ਧਨ ਮਹਿਲ ਨ ਪਾਵੇ ॥

ਸੁਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰ: ੫੭

ਅਬਲਾ ਵਿਲਾਪ

ਜਿਸ ਵਿਚ

ਇਸਤ੍ਰੀ ਜਾਤੀ ਦਾ ਵਿਲਾਪ, ਬਾਲ ਵਿਵਾਹੀ ਪਿਆਰੀ ਧੀ, ਸ਼ਰਾਬੀ ਦੀ ਇਸਤ੍ਰੀ, ਅਜੋਗ ਪਤੀ ਦੀ ਪਤਨੀ, ਤੇ ਨਿਮਾ-ਣੀਆਂ ਧੀਆਂ ਦੇ ਦੁਖ ਦਰਦ ਭਰੀ ਕਵਿਤਾ ਤੇ ਵਾਰਤਾ ਵਿਚ ਦੱਸੇ ਹਨ।

ਸੰਗ੍ਰਹ ਕਾਰ ਤੇ ਪ੍ਰਕਾਸ਼ਕ

ਭਾਈ ਮੋਹਨ ਸਿੰਘ ਵੈਦ

ਮਿਉਨਸਿਪਲ ਕਮਿਸ਼ਨਰ
ਤਰਨ ਤਾਰਨ (ਪੰਜਾਬ)

ਅਗਸਤ ੧੯੧੯ ਈ:

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿਚ [illegible] ਸਿੰਘ
ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਿਆ

ਪਹਿਲੀ ਵਾਰ ੧੦੦੦ ਭੇਟਾ ਛੇ ਪੈਸੇ

ਕੀਹ ਤੁਹਾਨੂੰ ਪਤਾ ਹੈ ?

ਜੋ ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਸ੍ਰੀ ਤਰਨ ਤਾਰਨ ਜੀ ਦੇ ੨੯-੨-੧੯ ਤੱਕ ਦੇ ਪ੍ਰਕਾਸ਼ਤ ਸਾਰੇ ਪੁਸਤਕ ਅਸਾਂ ਖਰੀਦ ਲਏ ਹਨ, ਤੇ ਹੁਣ ਸਾਰੀ ਵਿਕ੍ਰੀ ਸਾਡੇ ਰਾਹੀਂ ਹੀ ਹੁੰਦੀ ਹੈ? ਇਹ ਨਵੀਂ ਛਪੀ ਪੁਸਤਕ ਤੇ ਹੋਰ ਸਾਰੇ ਪੁਸਤਕ, ਖਾਲਸਾ ਟ੍ਰੈਕਟ ਸੁਸਾਇਟੀ ਦੇ ਟ੍ਰੈਕਟ ਜਾਂ ਹੋਰ ਕਿਸੇ ਪ੍ਰਕਾਰ ਦੇ ਭੀ ਪੁਸਤਕ ਜਾਂ ਹੋਰ ਹੋਰ ਚੀਜ਼ਾਂ ਸ੍ਰੀ ਅੰਮ੍ਰਿਤਸਰ ਜੀ ਤੋਂ ਜਿਸ ਮਿਹਰਵਾਨ ਦੀ ਲੋੜ ਹੋਵੇ ਸਾਥੋਂ ਮੰਗਵਾ ਲਵੇ ਅਸੀ ਬੜੀ ਹੀ ਰਿਆਇਤ ਨਾਲ ਭੇਜਦੇ ਹਾਂ ਸ੍ਵਦੇਸ ਭਾਸ਼ਾ ਦੇ ਪ੍ਰੇਮੀਆਂ ਨੂੰ ਇਸ ਲੜੀ ਦੇ ਪੁਸਤਕਾਂ ਦਾ ਪ੍ਰਚਾਰ ਬੜੇ ਉੱਦਮ ਨਾਲ ਕਰਨਾ ਚਾਹੀਦਾ ਹੈ ਤੇ ਸਮੇਂ ਸਮੇਂ ਸੱਜਣਾਂ, ਮਿੱਤ੍ਰਾਂ, ਸੰਬੰਧੀਆਂ ਵਿਚ ਇਕ ਪੁਸਤਕ ਮੰਗਵਾਕੇ ਵੰਡਣੇ ਚਾਹੀਦੇ ਹਨ। ਜਿਸ ਤੋਂ ਬਨਾਨ, ਛਪਵਾਨ ਤੇ ਵੇਚਣ ਵਾਲਿਆਂ ਦਾ ਉਤਸ਼ਾਹ ਵਧਦਾ ਰਹੇ।

ਦਾਸ-ਲਾਭ ਸਿੰਘ ਐਂਡ ਸੰਨਜ਼

ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ

ਅੰਮ੍ਰਿਤਸਰ

੧ ਓ ਸਤਿਗੁਰ ਪ੍ਰਸਾਦਿ ॥

ਅਬਲਾ ਵਿਲਾਪ

੧—ਇਸਤ੍ਰੀ ਵਿਲਾਪ !

ਪਿਆਰੇ ਪਿਤਾ, ਪੁਤਰ ਵਰ ਭਾਈ ਬੰਧੁ ਆਦਿ ਜੋ ਸਾਰੇ ਹੈਂ। ਸਸੁਰ, ਜੇਠ, ਦੇਵਰ, ਪਤਿ; ਪੁਰ ਜਨ ਜੋ ਸਗ ਬੀਰ ਹਮਾਰੇ ਹੈਂ। ਦਯਾ ਦ੍ਰਿਸ਼ਟਿ ਕਰੀਏ ਥੋੜੀ ਸੀ ਸੁਨੀਏਂ ਹਮ ਕਿਆ ਕਹਤੀ ਹੈਂ। ਅਬਲਾ ਹੋਕਰ ਸਬਲੋਂ ਕੇ ਘਰ ਕਿਸ ਪ੍ਰਕਾਰ ਹਮ ਰਹਤੀ ਹੈਂ ॥ ੧ ॥ ਕਿਤਨੇ ਹੀ ਤੁਮ ਮਜਿਸਟਰੇਟ ਜਜ ਨਯਾਯਾਸਨ ਕੇ ਅਧਿਕਾਰੀ। ਬੜੇ ਸ਼ਰਮ ਕੀ ਬਾਤ ਦੇਖ ਕੇ ਪਾਵੇਂ ਤੁਮ ਸੇ ਹੀ ਨਾਰੀ। ਅਬ ਤਕ ਰਹੀਂ ਪੇਟ ਮੇਂ ਡਾਲੇ ਦੁਖ ਅਪਨੇ ਭਾਰੀ ਭਾਰੀ। ਪਰ ਅਬ ਨਹੀਂ ਸਹੀ ਜਾਤੀ ਹੈ ਬਿਪਤਿ ਮਰਮ ਕ੍ਰਿੰਤਨ ਕਾਰੀ ॥ ੨ ॥ ਅਪਨੀ ਦਸ਼ਾ ਯਾਦ ਕਰਤੇ ਹੀ ਫਟਾ ਕਲੇਜਾ ਜਾਤਾ ਹੈ। ਨਿਕਲ ਪੇਟ ਕੇ ਭੀਤਰ ਸੇ ਵਹ ਮੂੰਹ ਮੇਂ ਆ ਆ ਜਾਤਾ ਹੈ। ਕੀਆ ਕੌਨ ਅਪਰਾਧ ! ਹਾਯ !! ਕੁਛ ਨਹੀਂ ਸਮਝ ਮੇਂ ਆਤਾ ਹੈ। ਨਿਰਪਰਾਧ ਨਿਰਬਲ ਨਾਰੀਗਨ ਬ੍ਰਿਥਾ ਸਤਾਯਾ ਜਾਤਾ ਹੈ ॥ ੩ ॥ ਯਦਿ ਨ ਜਗਤ ਮੇਂ ਹੋਵੇਂ ਹਮ ਤੋ ਨਾਸ਼

ਨਰੋਂ ਕਾ ਹੋ ਜਾਵੇ । ਰੱਖੀ ਰਹੇ ਬੁੱਧ, ਵਿੱਦਿਆ, ਬਲ ਕਾਮ ਨਹੀਂ ਕੁਛ ਭੀ ਆਵੇ ॥ ਰਠੀਅਨ, ਸਤੀਅਨ, ਭਗਤਨ, ਸੂਰਨ ਜਨਮ ਹਮੀਂ ਸੇ ਪਾਯਾ ਹੈ । ਦੇਸ਼ ਹਿਤੂ ਜੋ ਹੂਏ ਸਭੀ ਕੋ ਹਮ ਨੇ ਗੋਦ ਖਿਲਾਯਾ ਹੈ ॥ ੪ ॥ ਜਿਸ ਘਰ ਮੇਂ ਹਮ ਨਹੀਂ ਸ਼ੀਘਰ ਹੀ ਬੀਆਬਾਨ ਹੋ ਜਾਤਾ ਹੈ । ਕਦਮ ਹਮਾਰੇ ਪੜਤੇ ਹੀ ਵਹ ਨੇਦਨ ਬਨ ਬਨ ਜਾਤਾ ਹੈ ॥ ਦੁਖ ਮੇਂ ਹਮ ਜੀ ਜਾਨ ਹੋਮ ਕਰ ਸਾਥ ਤੁਮਾਰਾ ਦੇਤੀ ਹੈਂ । ਤੁਮਹੇਂ ਖਿਲਾ ਕਰ ਰੂਖਾ ਸੂਖਾ ਜੋ ਬਚਤਾ ਖਾ ਲੇਤੀਂ ਹੈਂ ॥ ੫ ॥ ਜਹਾਂ ਹਮਾਰਾ ਆਦਰ ਹੋਤਾ ਵਹੀਂ ਦੇਵਤਾ ਕਰਤੇ ਵਾਸ । ਜਹਾਂ ਨਿਰਾਦਰ ਹੋਤਾ ਵਹ ਘਰ ਹੋ ਜਾਤਾ ਹੈ ਸੱਤਜਾ ਨਾਸ ॥ ਦੇਖੋ ਖੋਲ੍ਹ ਪੋਥੀਆਂ ਅਪਨੀ ਯਹ ਗੁਨੀਅਨ ਕੀ ਬਾਨੀ ਹੈ । ਤੁਮ ਮੇਂ ਸੇ ਕਿਸ ਸੇ ਕਿਸ ਸੇ ਯਹ ਗਈ ਯਥਾ ਵਿਧ ਮਾਨੀ ਹੈ ॥ ੬ ॥ ਸਚ ਪੂਛੋ ਤੋ ਹਮ ਹੈ ਭਾਈ ਅਪਨੇ ਘਰ ਕੀ ਮਹਾਰਾਨੀ । ਖੁਸ਼ੀਓਂ ਮੇਂ ਹਮ ਖੁਸ਼ੀ ਮਨਾਵੇਂ ਦੁਖ ਮੇਂ ਜ਼ਰਾ ਨ ਘਬਰਾਨੀ ॥ ਪੜਨੇ ਪਰ ਬਿਪੱਤਿ ਹਮ ਸੇ ਹੀ ਮਿਲਤਾ ਤੁਮ੍ਹੇਂ ਦਿਲਾਸਾ ਹੈ । "ਭੀਰੂ" ਬਨਾਯਾ ਤਿਸ ਪਰ ਹਮ ਕੋ ਤੁਮ ਨੇ ਅਜਬ ਤਮਾਸ਼ਾ ਹੈ ॥ ੭ ॥ ਇੱਜ਼ਤ ਔਰ ਆਬਰੂ ਸਾਰੀ ਜਿਸ ਪਰ ਤੁਮ ਇਤਰਾਤੇ ਹੋ । ਐਸੇ ਜ਼ਰਾ ਬੰਧੁ ਵਰ ਪਿਆਰੇ ਉਸੇ ਕਹਾਂ ਸੇ ਪਾਤੇ ਹੋ । ਅਗਰ ਨੇਕ ਚਲਨੀ ਮੇਂ ਹਮ ਸੇ ਜ਼ਰਾ ਭੂਲ ਹੋ ਜਾਤੀ ਹੈ । ਚਾਹੇ ਯਤਨ ਕਰੋ ਤੁਮ ਲਾਖੋਂ ਫਿਰ ਨ ਹਾਥ ਵਹ ਆਤੀ ਹੈ ॥ ੮ ॥ ਪਤਿ ਕੋ ਦੇਵ ਤੁਲਯ ਹਮ ਮਾਨੇਂ ਬੱਚੋਂ ਕੀ ਭੀ ਦਾਸੀ ਹੈਂ । ਸੇਵਾ ਸਦਾ ਕਰੇਂ ਨਹਿ ਸੋਚੇਂ

ਭੁਖੀ ਹੈਂ ਯਾ ਪਿਆਸੀ ਹੈਂ। ਧਰਮ ਕਰਮ ਤੁਮ ਜਿਸੇ
ਪੁਕਾਰੋ ਉਸੇ ਹਮੀਂ ਮੇਂ ਪਾਓਗੇ। ਸੋਚੋ ਸਮਝੋ ਅਭੀ
ਨਹੀਂ ਤੋ ਫਿਰ ਪੀਛੇ ਪਛਤਾਓਗੇ ॥੯॥ ਯਦਿ ਅਭਾਗਜ
ਵਸ ਅਪਨੇ ਪਤਿ ਕਾ ਚਿਰ ਵਿਯੋਗ ਦੁਖ ਪਾਤੀ ਹੈਂ।
ਪਰਿਣਾਮੋਂ ਪਰ ਧਿਆਨ ਨ ਦੇਕਰ ਜੀਤੀ ਹੀ ਜਲ
ਜਾਤੀ ਹੈਂ ॥ ਦੁਰਾ ਚਰਣ ਮੇਂ ਤੁਮ੍ਹੇਂ ਦੇਖ ਰਤ ਬਿਲਖ
ਬਿਲਖ ਰਹਿ ਜਾਤੀ ਹੈਂ। ਬਸ ਕੁਛ ਨਹੀਂ ਕਰੇਂ ਕਯਾ
ਤੁਮ ਸੇ ਕੇਵਲ ਹਾ|ਹਾ | ਖਾਤੀ ਹੈਂ ॥ ੧੦ ॥ ਪੈਦਾ ਜਹਾਂ
ਹੂਈ ਹਮ ਘਰ ਮੇਂ ਸੱਨਨਾਟਾ ਛਾ ਜਾਤਾ ਹੈ। ਬੜੇ ਬੜੇ
ਕੁਲਵਾਨੋ ਕਾ ਤੋ ਮੂੰਹ ਫੀਕਾ ਪੜ ਜਾਤਾ ਹੈ ॥ ਕੰਨਯਾ
ਨਹੀਂ ਬਲਾ ਯਹ ਕੋਈ ਯਹੀ ਚਿੱਤ ਮੇਂ ਆਤਾ ਹੈ।
ਕਿਸੀ ਕਿਸੀ ਕੇ ਊਪਰ ਮਾਨੋਂ ਬੱਜਰ ਪਾਤ ਹੋ ਜਾਤਾ ਹੈ।੧੧।
ਹੇ ਭਗਵਾਨ! ਭਲਾ ਫਿਰ ਕਿਉਂ ਤੁਮ ਹਮੇਂ ਹਾਯ!
ਉਪਜਾਤੇ ਹੋ? ਕਯਾ ਨਾਂ ਹਮਰੇ ਲਿਯੇ ਠਿਕਾਨਾ ਕਹੀਂ
ਔਰ ਤੁਮ ਪਾਤੇ ਹੋ? ਨਾਰੀ, ਨਰ, ਦੋਨੋਂ ਹੀ ਜਗ ਮੇਂ
ਯਦਿ ਪੂਛ ਤੁਮ੍ਹੀਂ ਪਠਾਤੇ ਹੋ। ਤੋ ਕਹਿਯੇ ਕਿਸ
ਲਿਯੇ ਦਯਾ ਮਯ | ਪੱਖਛਪਾਤ ਦਿਖਲਾਤੇ ਹੋ ॥ ੧੨ ॥
ਜੋ ਬਚ ਗਈ ਮੌਤ ਕੇ ਮੂੰਹ ਮੇ ਜਲਦ ਬੜੀ ਹੋ ਜਾਤੀ
ਹੈਂ। ਮਾਤਾ, ਪਿਤਾ, ਬੰਧੁ ਵਰਗੋਂ ਕੇ ਹੁਕਮ ਸਦੈਵ
ਬਜਾਤੀ ਹੈਂ। ਕਾਮ ਮਹਾ ਮੈਲੇ ਘਰ ਕੇ ਸਬ ਕਰਨੇ ਮੇਂ
ਨ ਲਜਾਤੀ ਹੈਂ। ਜੋ ਕੁਛ ਮਿਲ ਜਾਤਾ ਖਾ ਪੀ ਕਰ
ਖੁਸ਼ੀ ਖੁਸ਼ੀ ਸੋ ਜਾਤੀ ਹੈਂ ॥ ੧੩ ॥ ਕੂੜਾ, ਕਰਕਟ,
ਬਰਤਨ, ਚੌਕਾ, ਗੋਬਰ ਸਦਾ ਉਠਾਤੀ ਹੈਂ। ਸਿੱਖਯਾ
ਔਰ ਕਲਾ ਕੌਸ਼ਲ ਮੇਂ ਇਤਨਾ ਹੀ ਸੁਖ ਪਾਤੀ ਹੈਂ।

ਜੋ ਵਿੱਦਯਾ ਪੁਰਖੋਂ ਕੋ ਸੁਖ ਕਰ ਸੁਧਾ ਸਦ੍ਰਿਸ਼ ਮੰਗਲ-
ਕਾਰੀ। ਵਹੀ ਹਮਾਰੇ ਲਿਯੇ ਵਿਖਮ ਵਿਖ! ਵਿਮਲ
ਬੁਧੀ ਕੀ ਬਲਿਹਾਰੀ॥ ੧੪॥ ਵਿਵਾਹ ਯੋਗਯ ਹੋਨੇ ਪਰ
ਦੁਖਿਤ ਹੋਤੀ ਲਾਜੋਂ ਮਰਤੀ ਹੈ। ਕਾਂਟੇ ਸੀ ਸਬ ਕੇ
ਆਂਖੋਂ ਮੇਂ ਨਿਸਿ ਦਿਨ ਖਟਕਾ ਕਰਤੀ ਹੈ॥ ਕਿਤਨੀ ਹੀ
ਆਮਰਣ ਕੁਵਾਰੀ ਹਮ ਮੇਂ ਸੇ ਰਹ ਜਾਤੀ ਹੈਂ। ਮਨ ਹੀ
ਮਨ ਸੰਤਾਪ ਤਾਪ ਸੇ ਤਨ ਚੁਪ ਚਾਪ ਜਲਾਤੀ ਹੈਂ॥ ੧੫॥
ਯਦਿ ਕੁਲੀਨ ਨਿਰਧਨ ਕੇ ਘਰ ਮੇਂ ਜਨਮ ਹਮਾਰਾ
ਹੋਤਾ ਹੈ। ਤੋ ਅਬਲਾ ਸਮੁਦਾਯ ਜਨਮ ਭਰ ਹਾਯ ਸਭੀ
ਸੁਖ ਖੋਤਾ ਹੈ॥ ਬੀਸ ਬਰਖ ਮੇਂ ਯਦਿ ਵਿਵਾਹ ਗੌਨਾਂ
ਮੁਸ਼ਕਿਲ ਸੇ ਹੋਤਾ ਹੈ। ਪਤਿ ਘਰ ਕੀ ਤਾੜਨਾ ਯਾਦ
ਕਰ ਜ਼ਾਰ ਜ਼ਾਰ ਵਹ ਰੋਤਾ ਹੈ॥ ੧੬॥ ਖਾਨੇ ਕੋ ਨ ਪੇਟ
ਭਰ ਮਿਲਤਾ ਨਬ ਬਿਛਿਆ ਬਿਕ ਜਾਤੀ ਹੈ। ਜ਼ਰਾ
ਜ਼ਰਾ ਸੀ ਭੀ ਬਾਤੋਂ ਪਰ ਨਿਤ ਡੰਡੇ ਹਮ ਖਾਤੀ ਹੈਂ॥
ਚਿੰਤਾ ਹੀ ਜਲਤੀ ਰਹਿਤੀ ਹਮ ਸਬ ਦੁਖ ਅਤਿ
ਅਧਿਕਾਤਾ ਹੈ। ਫਿਰ ਪਾਪੀ ਤਨ ਪਿਤਾ ਭਵਨ ਮੇਂ
ਆਕਰ ਆਸ਼੍ਰਯ ਪਾਤਾ ਹੈ॥ ੧੭॥ ਇਸ ਝੂਠੀ
ਕੁਲੀਨਤਾ ਕੋ ਹੈ ਘਿਨ ਕਰ ਲਾਖ ਬਾਰ ਧਿਰਕਾਰ?
ਜਿਸਕੇ ਕਾਰਨ ਹਮ ਅਬਲਾ ਸਬ ਪਾਤੀਂ ਇਤਨਾ ਦੁੱਖ
ਅਪਾਰ। ਕਿਸ ਮੂੰਹ ਸੇ ਤੁਮ ਨ੍ਯਾਯੀ ਪਰਮੇਸ਼੍ਵਰ ਕੇ
ਸਨਮੁਖ ਜਾਓਗੇ? ਕਜਾ ਕਹ ਉਸਕੇ ਅਟਲ ਨ੍ਯਾਯ
ਸੇ ਪਰਿਤ੍ਰਾਣ ਤੁਮ ਪਾਓਗੇ?॥ ੧੮॥ ਯਦਿ ਅਭਾਗ੍ਯ
ਸੇ ਕਹੀਂ ਹਮਾਰੇ ਹੁਆ ਸੁਹਾਗਨ ਪਨ ਕਾ ਨਾਸ਼। ਯਹੀਂ
ਹਮੇਂ ਜੀਤੇ ਹੀ ਮਿਲਤਾ ਰੌਰਵ ਨਰਕ ਕੁੰਡ ਕਾ ਵਾਸ॥

ਜਿਸਨੇ ਪੁਰਖ ਜਾਤ ਕੋ ਜਗ ਮੇਂ ਨਜਾਯਾਧੀਸ਼ ਬਨਾਯਾ ਹੈ। ਉਸੀ ਨਿਠੁਰ ਨੇ ਸਬ ਸਹਨੇ ਮੇਂ ਬੱਜਰ ਹਮੇਂ ਉਪ-ਜਾਯਾ ਹੈ॥ ੧੯॥ "ਕਿਸ ਸੇਂ ਕਹੇਂ ਵਿਧਵਾਪਨ ਕੇ ਦੁਖ ਕੋਇ ਨ ਸੁਨਨੇ ਵਾਲਾ ਹੈ॥ ਬੱਜਰ ਹ੍ਰਿਦਯ ਲੋਕ ਲਾਜ ਰਤਿ ਸਭਨ ਸੰਬੰਧੀ ਵਾਲਾ ਹੈ॥ ਦੇਖਾ ਨਹਿੰ ਮੁਖ ਮੂਲ ਪਤੀ ਕਾ ਸ੍ਵਸੁਰ ਗ੍ਰਿਹ ਨਹੀਂ ਪੇਖਾ ਹੈ। ਹੋਸ਼ ਮੂਲ ਨਹਿ ਕਛੁ ਦੁਨੀਆਂ ਕੀ ਪਤੀ ਪਰੇਮ ਕਿਆ ਲੇਖਾ ਹੈ"॥ ੧੯॥ ਪਰ ਹਾ! ਪਤੀ ਵਿਛੜਦੇ ਹੀ ਦੁਖ ਪਰਬਤ ਹਮ ਪਰ ਪੜਤਾ ਹੈ। ਪਿਤਾ ਭਰਾਤ ਸੁਤਾਦਿ ਸੰਬੰਧੀ ਹਰ ਇਕ ਦੁਸ਼ਮਨ ਬਨ੍ਹਤਾ ਹੈ॥ ਕਿਸਹੂੰ ਦੁਖ ਨਹਿ ਦਿਖੇ ਅਸਾਡਾ, ਸਾਰੇ ਵੈਰੀ ਹੁੰਦੇ ਨੇਂ। ਲਾਡਾਂ ਪਾਲੀ ਦਿਲ ਦਾ ਟੁਕੜਾ ਮੂਲ ਨ ਦੇਖ ਸੁਖੇਂਦੇ ਨੇਂ ॥੨੦॥ ਵਾਤ ਨ ਪੁਛਦੇ ਪੇਕੇ ਸਹੁਰੇ ਕੋ ਫਰਯਾਦ ਨ ਸੁਣਦਾ ਏ। ਥਾਂ ਨਾਂ ਥਿੱਤਾ ਸੁਖ ਦਾ ਕੋਈ ਸਾਕ ਸੰਬੰਧ ਨ ਗੁਣਦਾ ਏ॥ ਫਿਰਨ ਸੁਖਾਂ ਵਿਚ ਜਗ ਵਿਚ ਸਾਰੇ ਅਸੀ ਨਿੱਤ ਵਿੱਚ ਹਾਂ ਹਾਵੇ। ਵਿਧਵਾਪਨ ਦੁਖ ਦੂਰ ਕਰਨ ਹਿਤ ਦੇਸ਼ ਹਿਤੂ ਨਹਿ ਕਛੁ ਭਾਵੇਂ ॥੨੧॥ ਮਹਾਂ ਮਲਿਨ ਸੇ ਮਲਿਨ ਕਾਮ ਹਮ ਕਰਤੀ ਰਹਿਤੀ ਹੈਂ ਦਿਨ ਰਾਤ। ਦੁਖੀ ਦੇਖ ਪਤਿ, ਪਿਤਾ, ਪੁਤ੍ਰ ਕੋ ਵਜਾਕੁਲ ਹੋ ਕ੍ਰਿਸ਼ ਕਰਤੀ ਗਾਤ॥ ਹੇ ਭਗਵਾਨ! ਹਾਯ! ਤਿਸ ਪਰ ਭੀ ਉਪਮਾ ਕੈਸੀ ਪਾਤੀ ਹੈ। ਢੋਲ ਤੁਲਯ ਤਾੜਨ ਅਧਿਕਾਰੀ ਹਮੀ ਬਨਾਈ ਜਾਤੀ ਹੈਂ।੨੨॥ ਕਬੀ ਕਬੀ ਗੁੜੀਆ ਸੀ ਬਚਪਨ ਹੀ ਮੇਂ ਬਿਯਾਹੀ ਜਾਤੀ ਹੈਂ। ਜਿਸ ਕੇ ਕਾਰਣ ਹੀ ਅਤ ਦੁਖ ਸਹ ਦੁੱਖ ਜਨਮ ਭਰ ਪਾਤੀ ਹੈਂ॥ ਪਿਆਰੇ ਪਿਤਾ ਬੰਧੁ ਵਰ ਤੁਮ

ਕਬ ਭੂਲਾ ਹੋਸ਼ ਮੇਂ ਆਵੋਗੇ ? ਕਬ ਹਮ ਦੁਖੀ ਦੀਨ ਅਬਲਾਓਂ ਪਰ ਤੁਮ ਦਯਾ ਦਿਖਾਵੋਗੇ ॥ ੨੩ ॥ ਵੈਰੀ ਪਿਤਾ | ਕਈ ਹਨ ਦੁਸ਼ਮਨ ਅਸਾਂ ਅਨਾਥਾਂ ਬੇਚਨ ਕੋ । ਪਿਤਾ ਪਿਤਾਮਾਂ ਤੇ ਭੀ ਬਿਧ ਜੋ ਪੱਲੇ ਤਿਨ੍ਹਾਂ ਦੇ ਖੇਚਨ ਕੋ ॥ ਬਲਦੀ ਕਿਆ ਇਸ ਤੋਂ ਹੋਗੀ ਬ੍ਰਿਧ ਵਿਵਾਹ ਨਾ ਜਾਤਾ ਹੈ । ਦੁਖੀਆ ਦੁਖ ਨਾ ਜਾਨਤ ਕਿਸ ਹੂ ਕੋਇ ਨ ਮੂਲ ਛੁੜਾਤਾ ਹੈ । ੨੪ ॥ ਪੜ੍ਹੇ ਲਿਖੇ ਭੀ ਨਹੀਂ ਜਿਨਹੋਂ-ਨੇਂ ਸਿਖਿਆ ਨਹੀਂ ਕਭੀ ਪਾਈ । ਉਨਕੇ ਸਾਥ ਬਾਤ ਤਕ ਕਰਤੇ ਸਕੁਚਾਤੇ ਹੋ ਹੇ ਭਾਈ ॥ ਪਰ ਹਮ ਜੋ ਘਰ ਮੇਂ ਹੀ ਰਹਿਤੀਂ ਜਿਨਮੇਂ ਸਭ ਸੁਖ ਪਾਤੇ ਹੋ । ਉਨਹੋਂ ਮੂੰਹ ਰਖਨੇ ਮੇਂ ਕਿਉਂ ਤੁਮ ਜ਼ਰਾ ਨਹੀਂ ਸ਼ਰਮਾਤੇ ਹੋ ? ॥ ੨੫ ॥ ਸਭ ਕੇ ਸਭ ਦਿਨ ਨਹੀਂ ਬਰਾਬਰ ਯਾਂਤੇ ਇਸਮੇਂ ਨਹੀਂ ਵਿਵਾਦ । ਕਭੀ ਅਵਸਰ ਮਿਲੇਗੀ ਹਮਕੋ ਭੀ ਦੁਨੀਆਂ ਮੇਂ ਰੂਪ ਕੀ ਦਾਦ । ਹੈ ਹਮਕੋ ਵਿਸ੍ਵਾਸ ਹਿਰਦਯ ਸੇ ਆਖਿਰ ਵਹ ਦਿਨ ਆਵੇਗਾ । ਜੋ ਅਨਯਾਯ ਹੋ ਰਹਾ ਉਸਕਾ ਸਬ ਹਿਸਾਬ ਚੁਕ ਜਾਵੇਗਾ ॥ ੨੬ ॥ ਛੋੜੋ ਸਬ ਕੁਰੀਤੀਆਂ ਕੁਲ ਕੀ ਛੋੜੋ ਅਬ ਤੋ ਨਿਠੁਰਾਈ । ਬਹੁਤ ਹੋ ਚੁਕਾ ਅੰਧ ਧੁੰਦ ਹੈ ਸੁਨਿਯੇ ਹੇ ਪਿਆਰੇ ਭਾਈ ॥ ਜਿਸ ਮੇਂ ਬਨੇ ਬਾਤ ਵਹ ਕਰਿਯੇ ਰਖ ਲੀਜਿਯੇ ਹਮਾਰੀ ਲਾਜ । ਦੁਖ ਸਾਗਰ ਮੇਂ ਡੂਬ ਰਹਾ ਹੈ ਅਬਲਾਓਂ ਕਾ ਜੀਵਨ ਜਹਾਜ਼ ॥ ੨੭ ॥

੨–ਇਕ ਬਾਲ ਵਿਵਾਹੀ ਦਾ ਵਿਰਲਾਪ!

ਟੇਕ:– ਬਾਲ ਵਿਵਾਹ ਕੇ ਮੈਨੂੰ ਕੀਤਾ ਬੇਹਾਲ ਓ।
ਹਰਦਮ ਮੈਂ ਦੁਖੀਆ ਰੋਵਾਂ ਢਾਰੋ ਹੀ ਢਾਰ ਓ॥

(੧) ਆਈਂ ਨੀ ਮਾਏ ਵੇਖੀਂ ਧੀ ਦੇ ਤੂੰ ਦੁਖੜੇ, ਤਰਸਾਂ ਤੇ ਤੜਫਾਂ ਵੇਖਣ ਹਿਤ ਪਤੀ ਮੁਖੜੇ, ਕਾਰੇ ਕਰਵਾਈ ਤੇਰੇ ਸੰਗੇ ਨਾਂ ਹਾਲ ਓ। ਬਾਲ ਵਿਵਾਹ ਕੇ ਮੈਨੂੰ:

(੨) ਰਾਤਾਂ ਤੇ ਦਿਨ ਮੇਰੇ ਜਾਂਦੇ ਨੀ ਦੁਖੜੇ, ਪਤੀ ਗਲਤਾਨ ਅਪਨੇ ਐਬਾਂ ਦੇ ਸੁੱਖੜੇ, ਵੇਖੋ ਪਿਤਾ ਜੀ ਮੇਰਾ ਆਕੇ ਇਹ ਹਾਲ ਓ। ਬਾਲ ਵਿਵਾਹ ਕੇ ਮੈਨੂੰ ਕੀਤਾ:

(੩) ਖੋਟੇ ਤੇ ਕੰਮੀਂ ਮਾਲਕ ਸਬ ਧਨ ਉਜਾੜਿਆ, ਲਾਡੀਂ ਪਿਤਾ ਮਾਤਾ ਪਾਲੇ ਨਾਂ ਤਾੜਿਆ, ਹੁਣ ਨਾਂ ਓਹ ਰਹਾ ਗਲੇ ਸਿਰ ਤੇ ਮੌਤ ਦੇ ਗਾਲ ਓ। ਬਾਲ ਵਿਵਾਹ ਕੇ ਮੈਨੂੰ ਕੀਤਾ ਬੇਹਾਲ ਓ॥

(੪) ਘਰ ਤਾਂ ਸੀ ਮੈਨੂੰ ਚਾਵੇ ਲਾਡ ਲਡਾਵਦੇ, ਵੀਰਾਂ ਤੋਂ ਵੱਧ ਮੇਰਾ ਮਾਨ ਰਖਾਂਵਦੇ, ਕੀਤਾ ਹੈ ਇਹ ਤਾਂ ਬਾਵਾ ਕਹਿਰ ਕਹਾਰ ਓ। ਬਾਲ ਵਿਵਾਹ ਕੇ ਮੈਨੂੰ ਕੀਤਾ:

(੫) ਗੁੱਡੀ ਤੇ ਗੁੱਡੇ ਮੈਂ ਸਾਂ ਸਦਾ ਵਿਆਂਹਵਦੀ, ਪਰ ਓਹ ਖੇਡ ਕੀਰਾਂ ਮਿੱਟੀ ਸੀ ਭਾਂਵਦੀ, ਤੁਸਾਂ ਤਾਂ ਕੀਤਾ ਮੇਰਾ ਓਹੋ ਹੀ ਹਾਲ ਓ। ਬਾਲ ਵਿਵਾਹ ਕੇ:

(੬) ਘਰ ਤਾਂ ਸੀ ਤੁਸਾਂ ਲੀਤਾ ਦੇਖ ਵਡੇਰੜਾ, ਸੋਨਾ ਤੇ ਚਾਂਦੀ ਇੱਟਾਂ ਹੋਰ ਬਥੇਰੜਾ, ਪਰ ਨਾਂ ਇਹ ਦਿਖਜਾ ਜਾਊ ਐਬਾਂ ਦੀ ਢਾਲ ਓ। ਬਾਲ ਵਿਵਾਹ ਕੇ:

(੭) ਸੋਨੇ ਤੇ ਚਾਂਦੀਆਂ ਨੂੰ ਕੀਕੁਰ ਚਬਾਵਸਾਂ,

ਹੁਣ ਤਾਂ ਨਾਂ ਓਹ ਭੀ ਰਹ ਗਏ ਕਿਥੋਂ ਸਿਆਣਪਾਂ, ਹੁੰਦੇ ਪਤੀ ਦੇ ਕੀਤਾ ਬਿਰਹੋਂ ਬੇਹਾਲ ਓ। ਬਾਲ ਵਿਵਾਹ ਕੇ:

(੮) ਵਿੱਦਜਾ ਨਾਂ ਦਿੱਤੀ ਮੈਨੂੰ ਗੁਣ ਭੀ ਨਾਂ ਕੋਈ ਸੀ, ਲਾਡਾਂ ਦੇ ਕਾਰਨ ਵਿਦਜਾ ਪਤਿ ਭੀ ਨਾਂ ਹੋਈ ਸੀ, ਤਾਹੀਓਂ ਤਾਂ ਹੋਇਆ ਏਡਾ ਛੇੜਾ ਇਹ ਹਾਲ ਓ। ਬਾਲ ਵਿਵਾਹ ਕੇ ਮੈਨੂੰ ਕੀਤਾ ਬੇਹਾਲ ਓ ॥।

(੯) ਬਾਲ ਅਵਸਥਾ ਗੁਣ ਨਹੀਂ ਪਰਖਾਂਵਦੇ, ਬਾਰੇ ਤੇ ਛੋਟੇ ਹੋਣੇ ਨਜ਼ਰੀ ਨਾਂ ਆਂਵਦੇ,ਧਨ ਤਾਂ ਹੈ ਐਸੇ ਜੈਸੇ ਧੁੱਪ ਛਾਂ ਹਾਲ ਓ। ਬਾਲ ਵਿਵਾਹ ਕੇ ਮੈਨੂੰ:

(੧੦) ਬਾਲ ਵਿਵਾਹ ਤੇ ਸਭੋ ਕੁਝ ਨਸਾਂਵਦਾ, ਖੋਟੇ ਤੇ ਕਰਮੀਂ ਸਦਾ ਮਨ ਰਖਾਂਵਦਾ, ਤਨ, ਮਨ, ਧਨ, ਹੁੰਦਾ ਛੋੜੇ ਹੀ ਹਾਲ ਓ। ਬਾਲ ਵਿਵਾਹ ਕੇ:

(੧੧) ਪਹਲੇ ਤਾਂ ਕੁੜੀ ਜਾਤਾਂ ਥੈਨੂ ਵਖਾਂਦੀਆਂ, ਜੋੜੇ ਤੇ ਯੋਗ ਨਾਹੀਂ ਦੇਣ ਮਿਲਾਂਦੀਆਂ, ਉਤੋਂ ਏਹ ਹੋਰ ਵਡ ਲਈ ਛੋੜੀ ਕੀ ਚਾਲ ਓ। ਬਾਲ ਵਿਵਾਹ ਕੇ:

(੧੨) ਬਾਲ ਵਿਵਾਹਦੇ ਜੇਹੜੇ ਕਹਿਰ ਕਮਾਂਵਦੇ, ਸਣੇ ਉਲਾਦ ਸਾਰੇ ਦੁੱਖ ਉਠਾਂਵਦੇ, ਲੈਂਦੇ ਨ ਮੂਲ ਉਹੋ ਸੁਖਾਂ ਦੀ ਸਾਰ ਓ। ਬਾਲ ਵਿਵਾਹ ਕੇ:

(੧੩) ਗੁਣ ਅਵਗੁਣ ਬਾਲਾਂ ਨਜ਼ਰ ਨਾਂ ਆਂਵਦੇ, ਭਲੇ ਬੁਰੇ ਤੇ ਗੁਣ ਨਹੀਂ ਦਿਖਾਂਵਦੇ, ਹੋਵੇ ਭਲਾ ਕਿ ਜਾਵੇਂ ਅਤਿ ਬਰਿਆਬ ਏ ਬਾਲ ਵਿਵਾਹ ਕੇ:

(੧੪) ਧਨ ਤੇ ਵਡੀ ਕੁਲ ਸਾਡ ਬਜਰਬ ਹੈ, ਚੰਗੇ ਮਹੱਲ ਸਹੁਰੇ ਕਿਸੇ ਨ ਅਰਥ ਹੈ, ਜੇਕਰ ਨ ਹੋਵੇ ਪਤੀ ਗੁਣਾਂ ਦੀ ਖਾਨ ਓ। ਬਾਲ ਵਿਵਾਹ ਕੇ:

(੧੫) ਜੇ ਵਿਦ੍ਵਾਨ ਪਤੀ ਯੋਗ ਹੈ ਹੋਂਵਦਾ, ਉਮਰਾ ਤੇ ਰੂਪ ਗੁਣ ਜੋੜਾ ਹੈ ਸੋਂਹਵਦਾ, ਦੁਖ ਭੀ ਸੁਖ ਹੋਵਨ ਝੱਲੇ ਸਭ ਕਾਰ ਓ। ਬਾਲ ਬਿਵਾਹ ਕੇ:

(੧੬) ਜੇ ਕੁਲ ਸੋਹਣੀ ਘਰ ਧਨ ਭਰਪੂਰ ਹੋ, ਯੋਗ ਪਤੀ ਨਹੀਂ ਸੁਖ ਸਭ ਦੂਰ ਹੋ, ਦੁਖਾਂ ਦੀ ਪੈਂਦੀ ਝਾੜੀ ਆਣਕੇ ਘਾਲ ਓ। ਬਾਲ ਵਿਵਾਹ ਕੇ:

(੧੭) ਬਾਲ ਬਿਵਾਹੇ ਨਹੀਂ ਨਿਯਮ ਸੰਭਾਲਦੇ, ਜਾਣੂੰ ਨਾਂ ਹੁੰਦੇ ਵਰਤੋਂ ਗ੍ਰਹਸਥ ਦੀ ਹਾਲ ਦੇ, ਵਿਸ਼ਿਆਂ ਦੇ ਨਾਲ ਲੈਂਦੇ ਸ੍ਰੀਰ ਭੀ ਗਾਲ ਓ। ਬਾਲ ਬਿਵਾਹ ਕੇ:

(੧੮) ਬਾਲ ਜੇ ਹੋਵੇ ਲੋਕੋ ਸੋਹਣੀ ਕੁਲ ਦਾ, ਭੁਲਿਆਂ ਦੇ ਘਰ ਦਾ ਤੇ ਧਨ ਬੀ ਰੁਲਦਾ, ਪਰ ਨਾਂ ਜੇ ਵੜਦਾ ਪਿਛੋਂ ਭੁਲਿਆਂ ਦੀ ਕਾਰ ਓ। ਬਾਲ ਬਿਵਾਹ ਕੇ:

(੧੯) ਲੋਕੋ ਮੈਂ ਦੁੱਖਾਂ ਮਾਰੀ ਕਰਦੀ ਪੁਕਾਰ ਜੇ, ਬਾਲ ਬਿਵਾਹ ਨ ਕਰੀਓ ਏਹ ਬਦਕਾਰ ਜੇ, ਧੀਆਂ ਨਿਮਾਣੀਆਂ ਨੂੰ ਦੇਂਦਾ ਇਹ ਗਾਲ ਓ। ਬਾਲ ਬਿਵਾਹ ਕੇ:

(੨੦) ਉਮਰਾ ਜਵਾਨ ਹੋਵੇ ਗੁਣ ਵਿਦਵਾਨ ਹੋ, ਤਦੋਂ ਹੀ ਯੋਗ ਵਰ ਦਾ ਦੇਣਾ ਧਜਾਨ ਹੋ, ਧੀਆਂ ਨਿਮਾਣੀਆਂ ਦੀ ਕਰਨੀ ਜੀ ਸਾਰ ਓ। ਬਾਲ ਬਿਵਾਹ ਕੇ ਮੈਨੂੰ ਕੀਤਾ ਬੇਹਾਲ ਓ॥

——o——

੩—ਪਿਆਰੀ ਧੀ ਦੀ ਫਰਯਾਦ

ਰੱਖੀਂ ਨੀ ਨੱਕ ਮਾਏ ਚੂੜਾ ਸੰਭਾਲ ਕੇ, ਭੀ ਹੱਥ ਆਵੀ ਪਿਆਰੀ ਧੀਆਂ ਨੂੰ ਗਾਲ ਕੇ, ਹੁੰਦੀ ਤਾਂ ਰੰਗਾਂ

ਦੇਂਦੀ ਜ਼ਮਦੀ ਨੂੰ ਖਾਦ ਓ। ਜਾਤਾਂ ਦੇ ਬੰਧਨਾਂ ਨੇ ਕੀਤਾ ਬਰਬਾਦ ਓ ॥ ੧ ॥

ਜਾਤਾਂ ਦੇ ਪਿਛੇ ਧੀਆਂ ਘੋਲ ਘੁਮਾਈਆਂ, ਜੱਗ ਤੇ ਆਈਆਂ ਐਵੇਂ ਅਫਲ ਗਵਾਈਆਂ, ਮੇਲੇ ਨਾਂ ਯੋਗ ਜੋੜੇ ਜਾਤਾਂ ਦੀ ਕਾਰ ਓ। ਜਾਤਾਂ ਦੇ ਬੰਧਨਾਂ ਨੇ: ॥ ੨ ॥

ਵਿੱਦਜਾ ਪੜ੍ਹਾਈ ਚੰਗੇ ਗੁਣਾਂ ਦੇ ਨਾਲ ਸੀ, ਜੀਵਨ ਸਫਲੜਾ ਕੱਸੀ ਸਤਸੰਗ ਵਿਠਾਲ ਸੀ. ਗੁਰਮਤ ਦਾ ਦਾਨ ਦਿੱਤਾ ਬਾਣੀ ਵੀ ਯਾਦ ਓ। ਜਾਤਾਂ ਦੇ: ॥ ੩ ॥

ਜਾਤਾਂ ਇਹ ਵੱਕੜ ਸਤਿਗੁਰ ਕੂੜੀ ਸੁਣਾਉਂਦੇ, ਬਿੰਨ੍ਹ ਪਛਾਣ ਕਾਰਨ ਇਹ ਸੀ ਬਣਾਉਂਦੇ, ਹੁਣ ਤਾਂ ਇਹ ਹੋਰ ਹੋਈ ਛੇੜਾਂ ਦੀ ਚਾਲ ਓ। ਜਾਤਾਂ ਦੇ: ॥ ੪ ॥

ਉਮਰਾ ਤੇ ਰੂਪ ਗੁਣ ਭੀ ਕੋਈ ਨਾਂ ਮਲਾਂਵਦੇ, ਵਿੱਦਜਾ ਸੁਭਾਵ ਜੋੜੀ ਨਹੀਂ ਪਰਖਾਂਵਦੇ, ਮਿਲਨੇ ਦੇ ਨਿਯਮ ਮੂਲੋਂ ਰੱਖਦੇ ਨਾਂ ਯਾਦ ਓ। ਜਾਤਾਂ ਦੇ: ॥ ੫ ॥

ਆਸ਼ਾ ਤੇ ਇਸ਼ਟ, ਖਾਣਾ ਪੀਣਾ ਪਹਿਰਾਵਨਾਂ, ਰਹਿਣੀ ਤੇ ਬਹਿਣੀ ਬੋਲੀ ਅਤੇ ਧਿਆਵਨਾ, ਮਿਲਦੇ ਨਾ ਦੇਖ ਮੇਲਨ ਸੱਚੀ ਫਰਯਾਦ ਓ। ਜਾਤਾਂ ਦੇ ॥ ੬ ॥

ਧੀਆਂ ਨਿਮਾਣੀਆਂ ਦੀ ਕਰਦੇ ਨਾਂ ਸਾਰ ਜੀ, ਛੇੜਾਂ ਦੀ ਚਾਲ ਦੇਂਦੇ ਜੀਵਤ ਹੀ ਮਾਰ ਜੀ, ਉਮਰਾ ਬਰਬਾਦ ਕਰਦੇ ਮਾਪੇ ਵਖਾਦ ਓ। ਜਾਤਾਂ ਦੇ: ॥ ੭ ॥

ਪਤੀ ਅਯੋਗ ਹੋਵੇ ਦੁੱਖ ਰਹਾਂਵਦੇ, ਧਰਮ ਪਤਿੱਬ੍ਰਤਾ ਦੇ ਛੋਲਾਂ ਹੀ ਖਾਂਵਦੇ, ਗੁਣ ਸਭ ਅਫਲ ਹੁੰਦੇ ਸਭ ਬਰਬਾਦ ਓ। ਜਾਤਾਂ ਦੇ: ॥ ੮ ॥

ਮਨ ਮੁਰਝਾਇਆ ਰਹਿੰਦਾ ਤਾੜਨ ਸਦੀਵ ਜੀ,

ਖਿੜਿਆ ਜੋ ਫੁੱਲ ਮਿਲਦਾ, ਹੁੰਦਾ ਨਿਰਜੀਵ ਜੀ, ਹੁੰਦਾ ਨਾ ਮੂਲ ਕੋਈ ਜੀਵਨ ਦਾ ਸਾਦ ਓ। ਜਾਤਾਂ ਦੇ: ॥ ੯ ॥

ਵਡੇ ਤਾਂ ਸਾਡੇ ਸੀਗੇ ਸ੍ਵੰਬਰ ਰਚਾਂਵਦੇ, ਚਾਰ ਵਰਨ ਇੱਕੋ ਗੁਰੂ ਜੀ ਫਰਮਾਂਵਦੇ, ਗੁਣ ਤੇ ਕਰਮ ਮਿਲਿਆ ਮਿਲਨੇ ਦੀ ਆਦ ਓ। ਜਾਤਾਂ ਦੇ: ॥ ੧੦ ॥

ਇਕ ਇਕ ਜਾਤ ਅੰਦਰ ਕਿਤਨੀ ਹੀ ਪਾਟ ਹੈ, ਕਿਤੇ ਘਰਾਂ ਦਾ ਕਿਤੇ ਗੂੜ ਦੀ ਵਾਟ ਹੈ, ਹੁੰਦਾ ਇਹ ਧੀਆਂ ਉੱਪਰ ਕਹਿਰ ਕਹਾਰ ਓ। ਜਾਤਾਂ ਦੇ. ॥ ੧੧ ॥

ਦੁਖੜੇ ਸੁਣਾਵਾਂ ਜੇ ਮੈਂ ਮਨ ਭਰ ਪਾਂਵਦੀ, ਮਾਪੇ ਤੇ ਸਹੁਰੇ ਨਹੀਂ ਨੱਕ ਰਖਾਂਵਦੀ, ਜੋੜਾ ਅਜੋੜ ਮਿਲਿਆ ਜਿਉਂ ਹੀ ਖਰਾਬ ਓ। ਜਾਤਾਂ ਦੇ ਬੰਧਨਾਂ ਨੇ: ॥ ੧੨ ॥

ਕਰ ਰਹੀ ਪੁਕਾਰ ਦੁਖੀਆ ਆਪੇ ਵਿਚਾਰੋ ਓ, ਦੁਖੜੇ ਜੋ ਹੋਣ ਏਦਾਂ ਮਨ ਹੀ ਮਨ ਮਾਰੀ ਓ, ਵੇਖੋ ਤਾਂ ਹੁੰਦਾ ਕੇਡਾ ਕਹਿਰ ਜਹਾਦ ਓ। ਜਾਤਾਂ ਦੇ: ॥ ੧੩ ॥

ਹੋਵੇ ਨਾ ਇੱਕ ਸੱਭੇ ਇੱਕ ਤਾਂ ਇਕ ਹੋਵਸੋ, ਧੀਆਂ ਨਿਮਾਣੀਆਂ ਦੇ ਦੁਖੜੇ ਤਾਂ ਧੋਵਸੋ, ਹੁੰਦਾ ਨਾ ਰੌਲ ਏਦਾਂ ਮਨ ਅਹਿਲਾਦ ਓ। ਜਾਤਾਂ ਦੇ ਬੰਧਨਾਂ ਨੇ: ॥੧੪॥

ਮੂੰਹ ਤਾਂ ਹੈ ਬੰਦ ਸਾਡਾ ਧੀਆਂ ਨਿਮਾਣੀਆਂ, ਕਹਿਣਾਂ ਨਾਂ ਕੁਝ ਬਣਦਾ ਅਸਾਂ ਧਿਆਣੀਆਂ, ਤਾਹੀਏਂ ਤਾਂ ਤੁਸਾਂ ਕੀਤਾ ਪਸ਼ੂਓਂ ਬਰਬਾਦ ਓ। ਜਾਤਾਂ: ॥ ੧੫ ॥

ਚਾਹੋ ਜੇ ਦੇਸ਼ ਉੱਨਤ ਸ਼ੁਭ ਸੰਤਾਨ ਨੂੰ, ਜੋੜੋ ਤਾਂ ਛੇਤੀ [illegible] ਮਟ ਇਸ ਕਾਰ ਨੂੰ, ਸੋਚੋ [illegible] ਆਪ ਵੀਰੋ ਮਨ ਨੂੰ [illegible] ਓ। ਜਾਤਾਂ ਦੇ ਬੰਧਨਾਂ ਨੇ ਕੀਤਾ ਬਰਬਾਦ ਓ ॥ ੧੬ ॥

੪–ਇਕ ਸ਼ਰਾਬੀ ਦੀ ਇਸਤ੍ਰੀ ਦਾ ਵਿਰਲਾਪ

(ਦੁਖ ਨਿਵਾਰਨ ਜਿਲਦ ੪ ਵਿੱਚੋਂ)

ਧੀ–ਚੇਤਰ ਚੈਨ ਨਹੀਂ ਦਿਨ ਰੈਨ ਮੈਨੂੰ, ਉਮਰ ਕੱਟਣੀ ਹੋਈ ਦੁਸ਼ਵਾਰ ਮਾਏ। ਵਰ ਢੂੰਡ ਕੇ ਝੋਲੜੀ ਪਾਇਓਈ, ਸਾਰੇ ਨਸ਼ਿਆਂ ਦਾ ਜਿਹਨੂੰ ਪਿਆਰ ਮਾਏ। ਹਰਦਮ ਨਸ਼ੇ ਦੇ ਵਿੱਚ ਗ਼ਲਤਾਨ ਰਹਿੰਦਾ, ਖਾਂਦਾ ਜੁੱਤੀਆਂ ਸਣੇ ਬਜ਼ਾਰ ਮਾਏ। ਗੌਰੀ ਸ਼ੰਕਰ ਯਤੀਮ ਤੇ ਜ਼ੁਲਮ ਕੀਤਾ, ਦੇਂਦੀ ਜੰਮਦੀ ਨੂੰ ਮੈਨੂੰ ਮਾਰ ਮਾਏ॥

ਮਾਂ–ਵੈਸਾਖ ਵੱਸ ਮੈਂ ਤੱਤੜੀ ਕੁਛ ਨਾਹੀਂ, ਕੀਤਾ ਬਾਹਮਣਾਂ ਇਹ ਉਪਦੇਸ਼ ਧੀਏ। ਸੱਤ ਸਾਲ ਦੀ ਕੰਨਜਾਂ ਵਿਆਹ ਲਈਏ, ਬਾਦ ਸੱਤਵੇਂ ਸਾਲ ਕਲੇਸ਼ ਧੀਏ। ਸ਼ੀਘਰ ਬੋਧ ਪੁਰਾਨ ਪ੍ਰਮਾਨ ਦੇਂਦੇ, ਸੁਣਦੇ ਬਾਤ ਨਾਹੀਂ ਇਹ ਹਠੇਸ਼ ਧੀਏ। ਗੌਰੀ ਸ਼ੰਕਰਾ ਜ਼ੁਲਮ ਯਤੀਮ ਉੱਤੇ, ਕੀਤਾ ਆਪਣਾ ਆਪ ਹੁਣ ਪੇਸ਼ ਧੀਏ॥

ਧੀ–ਜੇਠ ਜੰਮਿਆਂ ਸੱਤਵਾਂ ਸਾਲ ਹੋਯਾ, ਦਿੱਤਾ ਕਾਸਨੂੰ ਵਿਆਹ ਰਚਾ ਮਾਏ। ਦੁੱਧ ਦੰਦੀਆਂ ਕੋਈ ਨਾਂ ਸਾਰ ਮੈਨੂੰ, ਝਾਫਾ ਵਿਆਹ ਦਾ ਕੀਹ ਮੈਂ ਚਾ ਮਾਏ। ਪਟੋਲੇ ਗੁੱਡੀਆਂ ਨਾਲ ਵਿਹਾਰ ਮਰਾ, ਸੁਭਾ ਸ਼ਾਮ ਖੇਲਾਂ ਚਿੱਤ ਲਾ ਮਾਏ। ਪੀਆ ਪੀ ਸ਼ਰਾਬ ਨੂੰ ਅੰਤ ਹੋਯਾ, ਲਈ ਜਾਨ ਅਜ਼ੀਜ਼ ਗਵਾ ਮਾਏ॥

ਮਾਂ–ਹਾੜ੍ਹ ਹੋਰ ਮੈਂ ਤੁਧ ਨੂੰ ਕੀ ਦੱਸਾਂ, ਲਿਆ ਲੇਖ ਤੱਤੀ ਝੋਲੀ ਪਾ ਧੀਏ। ਰੋਂਦੀ ਨਾਈਆਂ ਬ੍ਰਹਮ ਭਰਾਈਆਂ ਨੂੰ, ਦਿੱਤਾ ਧੋਖੜਾ ਜਿਨ੍ਹਾਂ ਨੇ ਆ ਧੀਏ। ਨਸ਼ਾ ਪੀਣ ਦੀ ਗੱਲ ਮਲੂਮ ਹੁੰਦੀ, ਦਿੰਦੀ ਤੁਧ ਨੂੰ ਨਾਂ

ਲੜ ਲਾ ਧੀਏ। ਗੌਰੀ ਸ਼ੰਕਰਾ ਘੋਲ ਕੇ ਜ਼ਹਿਰ ਦੇਂਦੀ, ਪੈਂਦੀ ਅੱਜ ਕਿਉਂ ਤੇਰੜੀ ਆਹ ਧੀਏ।

ਧੀ-ਸਾਵਨ ਸ੍ਵਾਸ ਵਰੋਲਦੀ ਤਨ ਅੰਦਰ, ਦੱਸਾਂ ਕਿਸਨੂੰ ਹਾਲ ਬਜਾਨ ਮਾਏ। ਸ਼ਰੋ ਮਾਲ ਤਮਾਮ ਲੁਟਾ ਦਿੱਤਾ, ਰਿਹਾ ਸ਼ਰਾ ਨਾਂ ਨਾਮ ਨਿਸ਼ਾਨ ਮਾਏ। ਦਰ ਦਰ ਰੁਲਦੀ ਚਾਰੋ ਚਾਰ ਫਿਰਦੀ, ਘਰ ਘਾਟ ਨਾ ਕੋਈ ਮੁਕਾਨ ਮਾਏ। ਗੌਰੀ ਸ਼ੰਕਰਾ ਇਸ ਸ਼ਰਾਬ ਤੱਤੀ, ਕੀਤਾ ਸਖਤ ਮੈਨੂੰ ਪਰੇਸ਼ਾਨ ਮਾਏ॥

ਮਾਂ-ਭਾਵੇਂ ਭਰਮ ਮੈਨੂੰ ਹਰ ਵਕਤ ਇਹੋ, ਕੀਤੇ ਕਰਮ ਕੇਹੜੇ ਆਏ ਪੇਸ਼ ਧੀਏ। ਟੰਗੀ ਜਾਨ ਮੇਰੀ ਉੱਪਰ ਕੰਡਿਆਂ ਦੇ, ਸੁਣਦਾ ਬਾਪ ਨਹੀਂ ਕੋਈ ਖ੍ਵੇਸ਼ ਧੀਏ। ਤੇਰੇ ਗਮ ਨੇ ਮਾਰਕੇ ਚੂਰ ਕੀਤਾ, ਜਾਵੇ ਕੋਈ ਨਾਂ ਮੇਰੜੀ ਪੇਸ਼ ਧੀਏ। ਗੌਰੀ ਸ਼ੰਕਰਾ ਇਸ ਸੰਜੋਗ ਪਿੱਛੇ, ਹਰ ਵੇਲੜੇ ਮੈਨੂੰ ਕਲੇਸ਼ ਧੀਏ॥

ਧੀ-ਅੱਸੂ ਇਸ ਸ਼ਰਾਬ ਖਰਾਬ ਕੀਤਾ, ਕੀਤਾ ਏਸਨੇ ਦੂਰ ਸੁਹਾਗ ਮਾਏ। ਚਾਰੇ ਚਾਰ ਰੋਵਾਂ ਕੜ ਕਰ ਬਾਂਹ ਖਲੀਆਂ, ਹੋਏ ਅੱਜ ਮੇਰੇ ਮੰਦੇ ਭਾਗ ਮਾਏ। ਕਰਾਂ ਕਿਦ੍ਹੇ ਮੈਂ ਪਾਸ ਪੁਕਾਰ ਜਾਕੇ, ਕੇਹੜਾ ਆਨ ਮੇਰੇ ਦਿਲ ਦੀ ਵਾਗ ਮਾਏ। ਗੌਰੀ ਸ਼ੰਕਰਾ ਜੋ ਹੜੇ ਸ਼ਰਾਬ ਪੀਂਦੇ, ਲਾਵਨ ਕੁਲ ਨੂੰ ਆਪਨੀ ਦਾਗ ਮਾਏ॥

ਮਾਂ-ਕੱਤਕ ਕੀਤੀਆ ਇਸ ਸ਼ਰਾਬ ਬਾਦੀ, ਖੋਏ ਬਖਤ ਮੇਰੇ ਦਿੱਤੇ ਮਾਰ ਧੀਏ। ਤੇਰੇ ਦੁੱਖ ਨੇ ਮੈਨੂੰ ਬੇਹਾਲ ਕੀਤਾ, ਗੁੱਝੀ ਮਾਰ ਮੈਨੂੰ ਕੀਤਾ ਮਾਰ ਧੀਏ। ਜੇਕਰ ਜਾਣਦੀ ਵਰਤਣੀ ਇਹ ਹੋਣੀ, ਸਭ ਕੁੱਛ ਮੈਂ ਲੈਂਦੀ

ਵਿਸਾਰ ਧੀਏ। ਗੌਰੀ ਸ਼ੰਕਰਾ ਬਣੇ ਨਾਂ ਕੋਈ ਵਾਹਰੂ, ਹੁਣ ਫ਼ਜ਼ਲ ਓਹਦਾ ਦਰਕਾਰ ਧੀਏ॥

ਮਾਂ-ਮੱਘਰ ਮਾਰ ਦੇਂਦੀ ਜੇਕਰ ਜੰਮਦੀ ਨੂੰ, ਪੱਲੇ ਮੇਰੇ ਨਾਂ ਪੈਂਦਾ ਨਸ਼ੇ ਖ੍ਵਾਰ ਮਾਏ। ਵਰ ਵੇਖਕੇ ਝੋਲੜੀ ਪਾਵਨਾ ਸੀ, ਹੁਣ ਕਿਉਂ ਰੋਂਦੀਏਂ ਹੰਝੂ ਮਾਰ ਮਾਏ। ਬੇੜਾ ਡੋਬਿਆ ਸ਼ਹੁ ਦਰਯਾ ਆਪੇ, ਕੇਹੜਾ ਆਨ ਲਾਵੇ ਹੁਣ ਪਾਰ ਮਾਏ। ਗੌਰੀ ਸ਼ੰਕਰਾ ਜਿਸਦਾ ਮਰੇ ਸਾਈਂ, ਓਹਦਾ ਕੌਣ ਬਣੇ ਗ਼ਮਖ਼੍ਵਾਰ ਮਾਏ॥

ਮਾਂ-ਪੋਹ ਪੋਸਤੀ ਭੰਗੀਆਂ ਅਫੀਮੀਆਂ ਨੇ, ਕਰ ਦਿੱਤਾ ਵੈਰਾਨ ਇਹ ਹਿੰਦ ਧੀਏ। ਰਹਿੰਦੀ ਖੂੰਹਦੀ ਸ਼ਰਾਬੀਆਂ ਚੌੜ ਕੀਤੀ, ਜਿਨ੍ਹਾਂ ਨਹੀਂ ਪਰਵਾਹ ਕੁਝ ਜਿੰਦ ਧੀਏ। ਤੇਰੇ ਰੋਂਦਿਆਂ ਵੱਲ ਨਾਂ ਵੇਖ ਸੱਕਾਂ, ਤੈਨੂੰ ਵੇਖਕ ਰੋਣ ਪਰਿੰਦ ਧੀਏ। ਗੌਰੀ ਸ਼ੰਕਰਾ ਰੱਬ ਰਹੀਮ ਤੇਰਾ, ਓਹਦੇ ਬਾਝ ਕੇਹੜਾ ਦਿਲਬੰਦ ਧੀਏ॥

ਧੀ-ਮਾਘ ਮੌਤ ਮੇਰੀ ਜੇਕਰ ਅੱਜ ਆਵੇ, ਵੰਡਾਂ ਸ਼ੀਰਨੀ ਝੋਲੜੀ ਪਾ ਮਾਏ। ਘਰ ਘਰ ਵਧਾਈਆਂ ਮਿਲਨ ਸਾਰੇ, ਮਿਟੇ ਜਿਗਰ ਦੇ ਮੇਰੇ ਦਾ ਤਾ ਮਾਏ। ਏਸ ਦਾਰੂ ਨੇ ਦੂਰ ਸੁਹਾਗ ਕੀਤਾ, ਲਾਏ ਵਿੱਚ ਕਲੇਜੜੇ ਘਾ ਮਾਏ। ਗੌਰੀ ਸ਼ੰਕਰਾ ਕਈ ਯਤੀਮ ਹੋਈਆਂ, ਹਰਦਮ ਰੋਂਦੀਆਂ ਕਰਦੀਆਂ ਆਹ ਮਾਏ॥

ਮਾਂ-ਫੱਗਣ ਫੁੱਲ ਅਨਾਰ ਦੇ ਤੁੱਲ ਤੂੰ ਸੈਂ, ਅੱਜ ਖ੍ਵਾਰ ਕੀਤੇ ਨਾਲ ਪਿਆਰ ਧੀਏ। ਕੀਤਾ ਏਸ ਸ਼ਰਾਬ ਨੇ ਸ਼ਾਨ ਬਦਲਾ, ਹੋਯਾ ਦੂਰ ਸੁਹਾਗ ਇਕ ਵਾਰ ਧੀਏ। ਮੱਧ ਪੀਣ ਦਾ ਜਿਹਨੂੰ ਹੈ ਰੋਗ ਲੱਗਾ, ਓਹਦੀ ਔਤ

ਨਖੱਤਰੀ ਨਾਰ ਧੀਏ । ਗੌਰੀ ਸ਼ੰਕਰਾ ਇਸ ਸ਼ਰਾਬ ਤੱਤੀ, ਕੀਤਾ ਕਈ ਜਵਾਨਾਂ ਨੂੰ ਮਾਰ ਧੀਏ ॥

—o—

੫–ਅਯੋਗ ਪਤੀ ਦੀ ਪਤਨੀ

ਆਈਂ ਨੀ ਆਪ ਮਾਏ ਵੇਖੀਂ ਮੇਂ ਹਾਲ ਨੀ, ਕੀਕੁਰ ਨੀ ਮੁੱਢ ਬੀਤਨ ਨਿਸ ਦਿਨ ਦੁਖ ਨਾਲ ਨੀ, ਘਰ ਤਾਂ ਸੀ ਮੈਨੂੰ ਚਾਵੇ ਲਾਡੀਂ ਸੀ ਪਾਲਿਆ । ਜਾਤਾਂ ਦੇ ਬੰਧਨਾਂ ਨੇ ਉਮਰਾ ਨੂੰ ਗਾਲਿਆ ॥੧॥ ਜੋਬਨ ਜੇ ਯੋਗ ਜੋੜੇ ਨਾਂ ਦੁਖ ਪਾਂਵਦੇ, ਕੀਤੇ ਤੇ ਕਰਮਾਂ ਪਿਛੇ ਨਹੀਂ ਸ਼ਰਮਾਂਵਦੇ, ਦੁਖੀ ਔਲਾਦ ਰਹਿੰਦੀ ਬੰਧਨ ਨਾਂ ਪਾਲਿਆ, ਜਾਤਾਂ ਦੇ ਬੰਧਨਾਂ ਨੇ ਉਮਰਾ ਨੂੰ ਗਾਲਿਆ ॥੨॥ ਜਾਤਾਂ ਦੇ ਬੰਧਨ ਕੂੜੇ ਕੂੜੇ ਵੈਰਾਨ ਨੀ, ਕੂੜੇ ਓਹ ਨੱਕ ਜੇਹੜੇ ਏਦਰ ਹੈਰਾਨ ਨੀ, ਧੀਆਂ ਨਾ ਪੁੱਤ ਸੁਖੀਏ ਕਰਮਾਂ ਤੇ ਵਾਲਿਆ । ਜਾਤਾਂ ਦੇ ਬੰਧਨਾਂ ਨੇ ਉਮਰਾ ਨੂੰ ਗਾਲਿਆ ॥੩॥ ਹਾਏ ਨੀ ਕਹਿਰ ਮਾਏ ਮਾਪੇ ਕਰਾਂਵਦੇ, ਜੋੜੇ ਨਾਂ ਯੋਗ ਜੇਹੜੇ ਹੈਨ ਰਚਾਂਵਦੇ, ਧੀਆਂ ਨਿਮਾਣੀਆਂ ਨੂੰ ਮੂਲੋਂ ਹੀ ਖਾ ਲਿਆ । ਜਾਤਾਂ ਦੇ ਬੰਧਨਾਂ ਨੇ ਉਮਰਾ ਨੂੰ ਗਾਲਿਆ ॥੪॥ ਧੀਆਂ ਨਿਮਾਣੀਆਂ ਦਾ ਕੋਈ ਨਾਂ ਮਾਣ ਜੀ, ਇਕੋ ਹੀ ਸਾਈਂ ਸਿਰਦਾ ਸੱਭੋ ਹੀ ਤਾਣ ਜੀ, ਹੋਵੇ ਨਾਂ ਯੋਗ ਜੇ ਓਹ ਛੇੜਾ ਹਵਾਲਿਆ । ਜਾਤਾਂ ਦੇ ਬੰਧਨਾਂ ਨੇ ਉਮਰਾ ਨੂੰ ਗਾਲਿਆ ॥੫॥ ਮਾਪੇ ਤੇ ਸਹੁਰੇ ਸਭੇ ਕੂੜੇ ਨੇ ਸਾਕ ਨੀ, ਗਹਿਣੇ ਤੇ ਕੱਪੜੇ ਸਭੇ ਹੁੰਦੇ ਨੇ ਖਾਕ ਨੀ, ਹੋਵੇ ਨਾ ਸਾਈਂ ਸਿਰਦਾ ਜੇਕਰ ਖੁਸ਼ ਹਾਲਿਆ । ਜਾਤਾਂ

ਦੇ ਬੰਧਨਾਂ ਨੇ ਉਮਰਾ ਨੂੰ ਗਾਲਿਆ ॥੬॥ ਲਿਖਾਂ ਕੀ ਹਾਲ ਮਾਏ ਕਿੱਦਾਂ ਪੁਕਾਰ ਨੀ, ਕੀਤਾ ਹਈ ਕਹਿਰ ਭਾਵਾ ਬਿਨਾਂ ਵਿਚਾਰ ਨੀ, ਦਿਲ ਤੇ ਦਿਮਾਗ ਜਿਗਰਾ ਸਭੋ ਹੈ ਜਾਲਿਆ। ਜਾਤਾਂ ਦੇ ਬੰਧਨਾਂ ਨੇ ਉਮਰਾ ਨੂੰ ਗਾਲਿਆ ॥੭॥ ਜਾਵੇ ਨਾਂ ਪੇਸ਼ ਕੋਈ ਵਾਹ ਨਾਂ ਜਾਂਵਦੀ, ਗੁਰ ਬਚ ਯਾਦ ਕਰਕੇ ਸਦ ਛਰ ਪਾਂਵਦੀ, ਮਰਦੀ ਕਟਾਰ ਖਾ ਕੇ ਇਹ ਧਰਮ ਨੂੰ ਪਾਲਿਆ। ਜਾਤਾਂ ਦੇ ਬੰਧਨਾਂ ਨੇ ਉਮਰਾ ਨੂੰ ਗਾਲਿਆ ॥੮॥ ਕਰ ਅਰਦਾਸ ਮਾਏ ਸੱਚੇ ਪਿਤ ਪਾਸ ਨੀ, ਪੂਰੇ 'ਇਹ ਹੋਵਣ ਛੇਤੀ ਮੇਰੇ ਏਹ ਸਾਸ ਨੀ, ਹੋਵੇ 'ਇਹ ਜੀਵ ਸੁਖੀਆ ਦੁਖਾਂ ਦਾ ਘਾਲਿਆ। ਜਾਤਾਂ ਦੇ ਬੰਧਨਾਂ ਨੇ ਉਮਰਾ ਨੂੰ ਗਾਲਿਆ ॥੯॥ ਕਰੀਂ ਨਾਂ ਕਹਿਰ ਏਹੋ ਛੋਟਿਆਂ ਤੇ ਹੋਰਨਾਂ, ਮਾਏ ਪਿਆਰੀਏ ਨੀ ਹੋਰਾਂ ਨਾਂ ਬੋਰਨਾਂ, ਦੇਖੀਂ ਜਵਾਈ ਸੱਚੋ ਗੁਣਾਂ ਤੇ ਵਾਲਿਆ। ਜਾਤਾਂ ਦੇ ਬੰਧਨਾਂ ਨੇ ਉਮਰਾ ਨੂੰ ਗਾਲਿਆ ॥੧੦॥ ਮੇਰੇ ਇਹ ਦਿਲੋਂ ਦੁਖੜੇ ਹੋਰਾਂ ਸੁਣਾਵਸੀ, ਛੇਕੇ ਖਿਆਲ ਕੱਢੇ ਓਹਨਾਂ ਕਢਾਵਸੀ, ਛੇਕਾਂ ਦੀ ਚਾਲ ਵਾਕੁਰ ਨੱਕਾਂ ਤੇ ਵਾਲਿਆ। ਜਾਤਾਂ ਦੇ ਬੰਧਨਾਂ ਨੇ ਉਮਰਾ ਨੂੰ ਗਾਲਿਆ ॥ ੧੧ ॥

—o—

੬—ਨਮਾਣੀਆਂ ਧੀਆਂ

"ਕਿਉਂ ਰੋਂਦੀਏਂ? ਹੁਣ ਰੋਇਆਂ ਕੀ ਬਣਦਾ ਹੈ? ਰੋਣਾ ਸਗੋਂ ਬੀਮਾਰੀ ਨੂੰ ਵਧਾਉਂਦਾ ਹੈ। ਬੀਬੀ ਧੀ! ਚੁਪ ਕਰ, ਵਾਹਿਗੁਰੂ ਦੀ ਰਜ਼ਾ ਤੇ ਖਹਿਰਾ ਰੋਕ,

੧ ੴ ਸਤਿਗੁਰਪ੍ਰਸਾਦਿ ॥

ਪਲੇਗ ਦੇ ਦਿਨਾਂ ਦੀ ਰੱਖ੍ਯਾ

ਅਕਾਲ ਪੁਰਖ ਦਾ ਭਾਣਾ ਕੁਝ ਭਾਰਤ ਵਰਸ਼ ਦੇ ਅਜੇਹੇ ਦਿਨ ਆਏ ਹੋਏ ਹਨ ਜੋ ਹਰਤਰਾਂ ਦੇ ਦੁਖਾਂ ਦਾ ਸਾਹਮਣਾ ਹੋ ਰਿਹਾ ਹੈ, ਕਾਲ, ਬੀਮਾਰੀਆਂ, ਭਲੇ ਪੁਰਸ਼ਾਂ ਦੇ ਕੁਵੇਲੇ ਵਿਛੋੜੇ ਆਦਕਾਂ ਨਾਲ ਪਰਜਾ ਦੀ ਬਹੁਤ ਹੀ ਦੁਰਦਸ਼ਾ ਹੋ ਰਹੀ ਹੈ, ਨਵੇਂ ਤੋਂ ਨਵੇਂ ਉਪੱਦ੍ਰਵ ਹੋਂਦੇ ਹਨ। ਕਈ ਸਾਲਾਂ ਤੋਂ ਪਲੇਗ ਅਜੇਹੀ ਖੇਹੜੇ ਪਈ ਹੈ ਜੋ ਘਰਾਂ ਦੇ ਘਰ, ਕੁਲਾਂ ਦੀਆਂ ਕੁਲਾਂ, ਬਰਬਾਦ ਹੋ ਰਹੀਆਂ ਹਨ, ਇਸ ਪਰ ਭਾਰੇ ਦੁੱਖ ਦੀ ਬਾਤ ਏਹ ਹੈ ਕਿ ਇਸ ਮੂਜ਼ੀ ਮਰਜ਼ ਨਾਲ ਜਿਤਨੀਆਂ ਮੌਤਾਂ ਹੁੰਦੀਆਂ ਹਨ ਭਲਿਆਂ ੨ ਦੀਆਂ, ਕੋਈ ਲੁੱਚਾ ਲੰਡਾ ਮਰਦਾ ਨਹੀਂ ਦੇਖਿਆ, ਭਰੋਸਾ ਸੀ ਜੋ ਏਸ ਵਾਰੀ ਇਸ ਮੂਜ਼ੀ ਮਰਜ਼ ਦੀ ਜੜ੍ਹ ਪੱਟੀ ਜਾਵੇਗੀ ਕਿਉਂਕਿ ਅਗਲੇ ਬਰਸਾਂ ਵਿਚ ਗਰਮੀ ਦੇ ਸ਼ੁਰੂ ਹੋਂਦੇ ਹੀ ਇਸਦਾ ਜ਼ੋਰ ਘਟ ਜਾਂਦਾ ਸੀ ਪਰ ਏਸ ਵਰ੍ਹੇ ਜ਼ੋਰ ਦੀ ਗਰਮੀ ਦੀ ਭੀ ਕੁਝ ਪਰਵਾਹ ਨਾ ਕਰਕੇ ਇਹ ਕਾਲ ਰੋਗ ਵਧਦਾ ਹੀ ਜਾਂਦਾ ਅਤੇ ਕਹਰ ਕਰ ਰਿਹਾ ਹੈ, ਸੋ ਏਸ ਕੈਹਰ ਤੋਂ ਬਚਨ ਵਾਸਤੇ ਹਰ ਇਕ ਪ੍ਰਾਣੀ ਮਾਤ੍ਰ ਨੂੰ ਏਸ ਤੋਂ ਬਚਨ ਦੇ ਉਪਾਵ ਵਰਤਾਉ ਵਿੱਚ ਲਿਆਉਣੇ ਚਾਹੀਦੇ ਹਨ, ਭਾਵੇਂ ਕਰਤਾਰ ਦਾ ਭਾਣਾ ਅਮਿੱਟ ਹੈ ਪਰ ਜੀਵ ਨੂੰ

ਤੇਲ, ਬੱਤੀ ਦੇ ਹੁੰਦਿਆਂ ਭੀ ਅੰਧੇਰੀ ਤੋਂ ਨਾ ਬਚਾਯਾ ਜਾਵੇ ਤਦ ਓਹ ਬੁਝ ਹੀ ਜਾਵੇਗਾ, ਇਸੇ ਤਰਾਂ ਸ਼ਰੀਰ ਤੇ ਸਾਸਾਂ ਦੀ ਦਸ਼ਾ ਹੈ। ਪ੍ਰਮੇਸ਼੍ਵਰ ਨੇ ਜੀਵਾਂ ਨੂੰ ਬੁਧੀ ਪ੍ਰਦਾਨ ਕੀਤੀ ਹੈ, ਤਾਂ ਜੋ ਬੁੱਧੀ ਨੂੰ ਕੰਮ ਵਿਚ ਲਿਆਕੇ ਔਣ ਵਾਲੀਆਂ ਬਿਪਤਾਂ ਤੋਂ ਬਚਾਉ ਅਤੇ ਜਨਮ ਨੂੰ ਸਫਲ ਕੀਤਾ ਜਾਵੇ। ਸੋ ਪਲੇਗ ਦੇ ਦਿਨਾਂ ਵਿੱਚ ਕਰਨ ਯੋਗ ਕੰਮ ਹੇਠ ਲਿਖੇ ਜਾਂਦੇ ਹਨ। ਆਸ ਹੈ ਪਾਠਕ ਸੱਜਨ ਇਨ੍ਹਾਂ ਪੁਰ ਅਮਲ ਕਰਕੇ ਲਾਭ ਪ੍ਰਾਪਤ ਕਰਨ ਗੇ:-

(੧) ਐਸੇ ਸਮਿਆਂ ਵਿੱਚ ਆਪਣੇ ਅਸਥਾਨਾਂ ਨੂੰ ਬਹੁਤ ਸਾਫ਼ ਰਖਣਾ ਚਾਹੀਦਾ ਹੈ,ਮਕਾਨ ਵਿੱਚ ਕਿੱਧਰੇ ਬਿਲ ਛੇਦ, ਦਰਾੜ ਆਦਿਕ ਜ਼ਰਾ ਭੀ ਨਹੀਂ ਰਹਿਣ ਦੇਣੇ ਚਾਹੀਦੇ, ਜੇਕਰ ਹੋਵੇ ਤਾਂ ਸਭ ਨੂੰ ਚੰਗੀਤਰਾਂ ਬੰਦ ਕਰਕੇ ਲਿਪਵਾ ਦੇਵੋ, ਹੋ ਸਕੇ ਤਾਂ ਮੋਰੀ ਆਦਿਕਾਂ ਵਿੱਚ ਬਾਰੀਕ ਤਾਰ ਦੀ ਜਾਲੀ ਲਗਵਾ ਦੇਵੋ।

(੨) ਅਸਥਾਨਾਂ ਦੇ ਅੰਦਰ ਜਾਂ ਆਸ ਪਾਸ ਮੈਲਾ ਚਿੱਕੜ, ਕੂੜਾ ਸਿੱਲ੍ਹ ਆਦਿਕ ਨਹੀਂ ਰਹਿਣੇ ਚਾਹੀਦੇ।

(੩) ਸਾਮਾਨ ਕੱਪੜੇ ਲੱਤੇ ਆਦਿਕ ਜੋ ਗੈਰ ਮਾਮੂਲੀ ਹੋਵਣ, ਸੋ ਅੱਛੇ ਸੰਦੂਕਾਂ ਵਿਚ ਬੰਦ ਕਰਕੇ ਮੇਜ਼ਾਂ ਯਾ ਤਿਪਾਈਆਂ ਤੇ ਅੱਡ ਰੱਖ ਛਡਨੇ ਚਾਹੀਦੇ ਹਨ, ਅਤੇ ਜੋ ਵਰਤਨ ਵਿੱਚ ਆਉਣ ਵਾਲੇ ਹਨ ਓਹ ਭੀ ਸਾਵਧਾਨੀ ਨਾਲ ਬੰਦ ਅਲਮਾਰੀਆਂ ਜਾਂ ਜਿੱਥੇ ਅਜੇਹੇ ਜੀਵਾਂ ਦਾ ਜਾਂ ਓਹਨਾਂ ਦੇ ਮਲ ਮੂਤ੍ਰ ਆਦਿਕਾਂ ਦਾ ਸੰਸਰਗ (ਛੁਹਤ) ਕਦੀ ਭੀ ਨਾ ਹੋ ਸੱਕੇ ਐਸੀ ਜਗ੍ਹਾ ਰਖਨੇ ਚਾਹੀਦੇ ਹਨ।

(੪) ਖਾਣ ਪੀਣ ਵਾਲੇ ਸਾਮਾਨ ਨੂੰ ਭੀ ਅਜੇਹੀ ਜਗ੍ਹਾ ਰਖਣਾ ਚਾਹੀਦਾ ਹੈ ਜਿੱਥੇ ਪੂਰੀ ਪੂਰੀ ਹਿਫ਼ਾਜ਼ਤ ਰਹੇ ॥

(੫) ਬਹੁਤ ਸਾਰੇ ਬਾਰਦਾਨੇ ਅਤੇ ਅਸਬਾਬ ਵਾਲੇ ਮਕਾਨਾਂ ਵਿੱਚ ਨਹੀਂ ਜਾਣਾ; ਅਤੇ ਉਥੋਂ ਦਾ ਸਾਮਾਨ ਭੀ ਜਿਥੋਂ ਤੱਕ ਹੋ ਸਕੇ ਕਾਹਲੀ ਨਾਲ ਕੰਮ ਵਿੱਚ ਨਹੀਂ, ਲਗਾਵਨਾ ਚਾਹੀਦਾ।

(੬) ਦੂਸਰੇ ਮਨੁੱਖਾਂ ਦੇ ਮੈਲੇ ਕੁਚੈਲੇ ਕੱਪੜੇ ਆਦਿਕਾਂ ਨਾਲ ਆਪਨਾ ਸਰੀਰ ਨਹੀਂ ਰਗੜਨਾ ਚਾਹੀਦਾ, ਇਸੇ ਤਰਾਂ ਮਲੀਨ ਪੁਰਸ਼ ਜਾਂ ਬੀਮਾਰ ਅਥਵਾ ਬੀਮਾਰ ਦੇ ਨਾਲ ਛੋਹੇ ਹੋਏ ਮਨੁੱਖਾਂ ਨਾਲ ਲੱਗਨ ਤੋਂ ਪਰਹੇਜ਼ ਰੱਖਣਾ, ਜੇ ਐਸਾ ਬਿਵਹਾਰ ਕਰਨਾ ਹੀ ਪਵੇ ਤਾਂ 'ਸਾਵਧਾਨੀ ਨਾਲ' ਦਾਲ ਚਿਕਨਾ, ਨਿਮ, ਯਾ ਹਿੰਗ ਅਥਵਾ ਅਰਕ ਗੁਲਾਬ, ਸਿਰਕੇ ਆਦਿਕ ਦੇ ਪਾਣੀ ਨਾਲ ਹੱਥ ਪੈਰ ਆਦਿਕ ਧੋ ਕਰਕੇ ਫਿਰ ਭੀ ਧੋ ਲੈਣੇ ਚਾਹੀਦੇ ਹਨ। ਏਹ ਸਿਆਣਿਆਂ ਦੀ ਸਿੱਖਯਾ ਹੈ, ਪਰ ਅੱਜ ਕੱਲ ਏਹ ਰੋਗ ਭਯਾਨਕ ਦਸ਼ਾ ਵਿੱਚ ਘਰ ੨ ਪਸਰਨ ਕਰਕੇ ਅਜੇਹੇ ਪ੍ਰਹੇਜ਼ ਅਸੰਭਵ ਹੋ ਰਹੇ ਹਨ।

(੭) ਨਿੱਤਯ ਸਾਫ ਧੋਤੇ ਹੋਏ ਬਸਤਰ ਪਹਰਕੇ ਅਤੇ ਭੋਜਨ ਆਦਿਕ ਦੀ ਸਮੱਗਰੀ ਨੂੰ ਭੀ ਬਹੁਤ ਸ਼ੁੱਧ ਕਰਕੇ ਕੰਮ ਵਿੱਚ ਲਗਾਵਨਾ, ਅੰਨ ਆਦਿਕ ਧੁਪ ਲਗਵਾਵਨ ਕਰਕੇ ਹੀ ਸ਼ੁਧ ਹੋ ਜਾਂਦੇ ਹਨ।

(੮) ਸਦਾ ਸ਼ੁੱਧ ਜਲ ਨਾਲ ਯਾ ਥੋੜੇ ਗਰਮ ਜਲ ਨਾਲ ਅਸ਼ਨਾਨ ਕਰਨਾ, ਅਤੇ ਪੰਜੀਂ ਸੱਤੀਂ ਦਿਨੀਂ ਕਿਸੇ ਵਿਖ ਨਾਸ਼ਕ ਦਵਾਈ ਦੇ ਜਲ ਨਾਲ

ਅਸ਼ਨਾਨ ਕਰਨਾਂ ਚਾਹੀਦਾ ਹੈ, ਜਿਨ੍ਹਾਂ ਦਾ ਪੂਰਾ ਹਾਲ ਮਹਾਂਮਾਰੀ ਦਮਨ ਵਿਚ ਦਰਜ ਹੈ।

(੯) ਅਜੇਹੇ ਦਿਨਾਂ ਵਿੱਚ ਪੁਰਬਦੀ ਪਵਨ, ਸਰਦੀ, ਅਜੀਰਣ ਕਾਰਕ (ਹਾਜ਼ਮੇ ਨੂੰ ਵਿਗਾੜਨ ਵਾਲਾ) ਭੋਜਨ, ਜੇਠ ਹਾੜ ਤੋਂ ਬਿਨਾਂ ਦਿਨ ਦਾ ਸੌਣਾ, ਗਲੀਆਂ ਚੀਜ਼ਾਂ ਦਾ ਖਾਣਾ, ਨੰਗੇ ਪੈਰੀ ਫਿਰਨਾ ਆਦਿਕ ਬਾਤਾਂ ਤੋਂ ਬਚੇ ਰਹਣਾ ਚਾਹੀਦਾ ਹੈ।

(੧੦) ਇਸਦੇ ਵਿਖ ਨਾਸ਼ਕ ਕਿਸੀ ਸਾਧਾਰਣ ਔਖਧੀ ਦਾ ਉਪਯੋਗ ਰੱਖਣਾ ਜ਼ਰੂਰੀ ਹੈ, ਜੋ ਛੇਕੜ ਤੇ ਦਰਜ ਹਨ।

(੧੧) ਜਿੱਥੋਂ ਤੱਕ ਹੋ ਸੱਕੇ ਸਰੀਰ ਢੱਕਿਆ ਰੱਖੋ ਕਿਉਂਕਿ ਸੂਖਸ਼ਮ ਪਰਮਾਣੂ (ਕੀੜੇ) ਖੱਲੜੀ ਦੁਆਰਾ ਚੜ੍ਹਦੇ ਹਨ, ਪੈਰੀਂ ਜਰਾਬਾਂ ਤੇ ਪੈਰ ਢੱਕਵੀਂ ਜੁੱਤੀ ਰੱਖੋ।

(੧੨) ਕਿਸੇ ਪਲੇਗ ਦੇ ਬੀਮਾਰ ਵਾਲੇ ਕਮਰੇ ਜਾਂ ਜਿੱਥੇ ਕੋਈ ਵਾਰਦਾਤ ਹੋ ਚੁੱਕੀ ਹੋਵੇ, ਓਥੇ ਰਹਿਣ ਜਾਂ ਸੌਣ ਤੋਂ ਪਹਿਲੇ ਸਫ਼ਾਈ ਜ਼ਰੂਰੀ ਹੈ।

(੧੩) ਜਿੱਥੋਂ ਤੱਕ ਹੋ ਸੱਕੇ ਚੂਹਿਆਂ ਨੂੰ ਮਕਾਨਾਂ ਵਿੱਚ ਨਹੀਂ ਰਹਿਣ ਦੇਣਾ ਚਾਹੀਦਾ।

(੧੪) ਮਕਾਨ ਸਦਾ ਹਵਾਦਾਰ ਹੋਵੇ, ਜਿੱਥੇ ਧੁਪ ਦਾ ਫੇਰਾ ਜ਼ਰੂਰ ਪਵੇ, ਹੇਠਾਂ ਨਾਲੋਂ ਚੁਬਾਰਿਆਂ ਵਿੱਚ ਸੈਹਣਾ ਬੜਾ ਚੰਗਾ ਹੈ।

(੧੫) ਜਿਥੋਂ ਤਕ ਹੋ ਸੱਕੇ ਇਕ ਜਗਾਹ ਵਿੱਚ ਬਹੁਤੇ ਆਦਮੀਆਂ ਦਾ ਜਮ ਘਟ ਨਹੀਂ ਹੋਣਾ ਚਾਹੀਦਾ।

(੧੬) ਰੋਗੀ ਦੀ ਜਿੰਨੀ ਛੇਤੀ ਦੁਆਈ ਕੀਤੀ ਜਾਵੇ ਉਤਨੀ ਹੀ ਉਸਦੇ ਬਚਨ ਦੀ ਵੱਧ ਉਮੇਦ ਹੋ

ਸਫ਼ਾਈ ਹੋ,ਤੇ ਵਿੱਚਕਾਰ ਦੀ ਸਿਹਤ ਦੇਖਕੇ ਗਾਫ਼ਲ ਹੋਣਾਂ ਜਾਨਦਾ ਖਤਰਾਹੈ,ਪੂਰੀਸਿਹਤਤੱਕਪੂਰੇ ਯਤਨਵਿੱਚ ਰਹੋ।

(੧੭) ਨਿਰਨੇ ਹਾਰ ਰਹਿਣਾ ਚੰਗਾ ਨਹੀਂ, ਕੁਛ ਨਾਂ ਕੁਛ ਜ਼ਰੂਰ ਖਾ ਲੈਣਾਂ ਚਾਹੀਦਾ ਹੈ, ਪਰ ਖਾਣ ਵੇਲੇ ਭੀ ਪਸੂ ਦੀ ਤਰਹਾਂ ਪੇਟ ਭਰਨਾ ਚੰਗਾ ਨਹੀਂ।

(੧੮) ਜਿਸ ਮਕਾਨ ਵਿੱਚ ਬਹੁਤ ਬੂ ਆਵੇ ਜਾਂ ਚੂਹੇ ਮਰਨ ਲੱਗ ਜਾਣ, ਉਸ ਮਕਾਨ ਨੂੰ ਕੁਝ ਦਿਨਾਂ ਵਾਸਤੇ ਛੱਡ ਦੇਣਾਂ ਅਤੇ ਸਾਫ਼ ਕਰਵਾਣਾ ਚਾਹੀਦਾ ਹੈ।

(੧੯) ਜਿੱਥੋਂ ਤੱਕ ਹੋ ਸੱਕੇ ਪਲੇਗ ਦੇ ਮੁਰਦਿਆਂ ਨੂੰ ਜਲਦੀ ਅਤੇ ਬਹੁਤ ਲੱਕੜੀਆਂ ਪਾਕੇ ਸਾੜੋ।

(੨੦) ਘਰਾਂ ਯਾ ਵੇਹੜਿਆਂ ਵਿੱਚ ਲਕੜੀਆਂ ਯਾਂ ਕੋਲੇ ਜਲਾ ਕੇ ਗਰਮਾਈ ਰੱਖਣੀ ਚਾਹੀਦੀ ਹੈ।

(੨੧) ਸੁਗੰਧੀ ਦਾਰ ਧੂਪ, ਗੰਧਕ, ਨਿੰਮ ਦੇ ਪੱਤ੍ਰ ਯਾ ਅੱਕ ਵਗੈਰਾ ਧੁਖਾਣੇ ਚਾਹੀਦੇ ਹਨ।

(੨੨) ਐਸੇ ਦਿਨਾਂ ਵਿੱਚ ਹੁੱਕੇ ਵਗੈਰਾ ਦਾ ਪੀਣਾਂ ਬੜਾ ਹੀ ਬੁਰਾ ਹੈ, ਕਿਉਂਕਿ ਇਸਦੀ ਬੂ ਨਾਲ ਬੀਮਾਰੀ ਦੇ ਕੀੜੇ ਬੜੀ ਛੇਤੀ ਵਧਦੇ ਹਨ, ਅਤੇ ਤੰਦਰੁਸਤ ਆਦਮੀ ਮੂੰਹ ਵਿੱਚ ਪਾ ਲੈਂਦੇ ਹਨ, ਜਿਸਤੋਂ ਇਕ ਦੂਜੇ ਨੂੰ ਬੀਮਾਰ ਹੋਣ ਦਾ ਬੜਾ ਹੀ ਖਤਰਾ ਹੈ।

(੨੩) ਜੋ ਚੂਹੇ ਵਗੈਰਾ ਮਰਨ ਉਨ੍ਹਾਂ ਨੂੰ ਕੁਝ ਲੱਕੜਾਂ ਗੋਹੇ ਵਗੈਰਾ ਅਤੇ ਮਿੱਟੀ ਦਾ ਤੇਲ ਪਾਕੇ ਸਾੜ ਦੇਣਾ ਚਾਹੀਦਾ ਹੈ।

(੨੪) ਸਭਤੋਂ ਚੰਗਾ ਤਾਂ ਏਹ ਹੈ ਕਿ ਮੁਰਦਿਆਂ ਨੂੰ ਜਲਾਇਆ ਜਾਵੇ, ਫਲਾਨ ਕਰਕੇ ਹਵਾ ਦੇ ਵਿਗੜਨ

ਦਾ ਡਰ ਨਹੀਂ ਰਹਿੰਦਾ, ਅੱਜ ਕੱਲ ਆਮ ਅੰਗ੍ਰੇਜ਼ ਲੋਕ ਭੀ ਜਲਾਨਾ ਹੀ ਹੱਛਾ ਮੰਨਦੇ ਹਨ! ਪਰੰਤੂ ਮਜ਼੍ਹਬ ਦੇ ਬੰਧਨ ਕਰਕੇ ਕਈ ਕਈ ਜਲਾ ਨਹੀਂ ਸਕਦੇ, ਦਬਦੇ ਹੀ ਹਨ, ਉਨ੍ਹਾਂ ਨੂੰ ਚਾਹੀਦਾ ਹੈ ਕਿ ਵਸਤੀ ਤੋਂ ਬਹੁਤ ਦੂਰ ਸੱਤ ਫੁਟ ਦੇ ਕਰੀਬ ਟੋਆ ਖੋਦਕੇ ਮੁਰਦੇ ਦੇ ਨਾਲ ਕਈ ਸੁਗੰਧਿਤ ਚੀਜ਼ਾਂ ਪਾਕੇ ਦਬਾਵਨ।

੨੫ ਐਸੇ ਫਲ ਜੋ ਤੁਰਸ਼ ਅਤੇ ਤਾਕਤ ਵਰ ਹੋਵਨ ਉਨ੍ਹਾਂ ਦਾ ਹਮੇਸ਼ਾਂ ਸੇਵਨ ਕਰਨਾ ਚਾਹੀਦਾ ਹੈ ਯਥਾ ਅਨਾਰ, ਸੰਗਤਰਾ, ਅੰਗੂਰ, ਅੰਬ, ਫਾਲਸਾ, ਸੇਬ, ਨਾਖ, ਵਗੈਰਾ।

(੨੬) ਤੇਜ਼ ਖੁਸ਼ਬੂ, ਇਤ੍ਰ ਵਗੈਰਾ ਦਾ ਲਗਾਨਾਂ, ਸਿਰਕਾ ਅਤੇ ਗੁਲਾਬ, ਹਿੰਗ ਦੇ ਪਾਣੀ ਦਾ ਛਿੜਕਨਾਂ ਖੁਸ਼ਬੂਦਾਰ ਫੁੱਲਾਂ ਦਾ ਰਖਣਾ ਭੀ ਗੁਣਕਾਰੀ ਹੈ।

(੨੭) ਪਰਮਾਰਥ ਸੰਬੰਧੀ ਜਾਂ ਹੋਰ ਅੱਛੀਆਂ ੨ ਪੁਸਤਕਾਂ ਦਾ ਪਠਨ ਪਾਠਨ ਰੱਖਣਾ, ਜਿਨ੍ਹਾਂ ਤੋਂ ਚਿੱਤ ਦੀ ਉਦਾਸੀ ਦੂਰ ਰਹੇ ਅਤੇ ਕਝ ਉਪਦੇਸ਼ ਮਿਲਦਾ ਰਹੇ।

(੨੮) ਭੋਜਨ ਦੇ ਨਾਲ ਕਰਾਰੀਆਂ ਚੀਜ਼ਾਂ ਦਾ ਸੇਵਨ ਕਰਨਾ ਬੜਾ ਚੰਗਾ ਹੈ ਜੈਸਾ ਕਿ ਅਦਰਕ, ਨਿੰਬੂ ਦਾ ਅਚਾਰ, ਅਨਾਰਦਾਣੇ, ਪੂਦਨੇ ਦੀ ਚਟਨੀ, ਆਦਿਕ ਜੋ ਚੀਜ਼ਾਂ ਅੰਦਰ ਦੀ ਹਜ਼ਮ ਕਰਨ ਵਾਲੀ ਅਗਨੀ ਨੂੰ ਤੇਜ਼ ਰੱਖਣ ਵਾਲੀਆਂ ਹੋਵਨ।

(੨੯) ਪਾਣੀ ਸਾਫ ਕਰਕੇ ਪੁਣਕੇ ਯਾ ਉਬਾਲਕੇ ਪੀਣਾ ਬੜਾ ਚੰਗਾ ਹੈ।

(੩੦) ਨਿੰਮ ਯਾਂ ਸਰੀਂਹ, ਅਥਵਾ ਅੱਕ ਦੀਆਂ

ਲੱਕੜਾਂ ਘਰ ਵਿਚ ਬਾਲਣ ਨਾਲ ਰੋਗ ਕਾਰਕ ਕੀੜੇ ਮਰ ਜਾਂਦੇ ਹਨ। ਅੰਤ ਭਾਣਾ ਅਮਿੱਟ ਹੈ।

ਪਲੇਗ ਦਾ ਤਾਪ

ਭਾਵੇਂ ਪਲੇਗ ਸੰਬੰਧੀ ਅਸੀ ਆਪਣੇ ਤਜਰਬੇ, ਬਹੁਤ ਸਾਰੀਆਂ ਵੈਦਕ, ਡਾਕਟਰੀ ਅਤੇ ਹਿਕਮਤ ਦੀਆਂ ਪੁਸਤਕਾਂ ਦੀ ਛਾਣਬੀਣ, ਅਨੇਕ ਸਿਆਣਿਆਂ ਦੀਆਂ ਸੰਮਤੀਆਂ ਦਾ ਨਿਚੋੜ ਪਲੇਗ ਦੀ ਪੂਰੀ ੨ ਤਸ਼ਰੀਹ, ਇਸਤੋਂ ਬਚਨ ਦੇ ਉਪਾਵ, ਬੀਮਾਰਾਂ ਵਾਸਤੇ ਸਿੱਧ ਤੇ ਸੁਖੱਲੇ ਇਲਾਜ ਗੁਰਮੁਖੀ, ਉਰਦੂ, ਅਤੇ ਸ਼ਾਸਤ੍ਰੀ ਵਿੱਚ ਦੋ ਸੌ ਸਫ਼ੇ ਦੇ ਕਰੀਬ ਕਲਮ ਬੰਦ ਕਰਕੇ "ਮਹਾਂ ਮਾਰੀ ਦਮਨ" ਨਾਮ ਦੀ ਪੁਸਤਕ ਤਿਆਰ ਕਰ ਚੁੱਕੇ ਹਾਂ ਜੋ ਗੁਰਮੁਖੀ ਅਤੇ ਉਰਦੂ ਵਿਚ ਪ੍ਰਕਾਸ਼ਤ ਹੋ ਚੁਕੀਆਂ ਹਨ, ਅਤੇ ਸ਼ਾਸਤ੍ਰੀ ਦੀ ਬੰਬਈ ਸ੍ਰੀ ਵੈਂਕਟੇਸ਼੍ਵਰ ਪ੍ਰੈਸ ਦੇ ਮਾਲਕ ਜੀ ਨੇਂ ਛਾਪਣੇ ਵਾਸਤੇ ਮੰਗਵਾਈ ਹੋਈ ਹੈ. ਪ੍ਰੇਮੀ ਪਾਠਕਾਂ ਵਿੱਚੋਂ ਕਈ ਹਜ਼ਾਰ ਅਜੇ ਅਜੇਹੇ ਹੋਣਗੇ ਜਿਨ੍ਹਾਂ ਨੇ ਏਸ ਪੁਸਤਕ ਤੋਂ ਲਾਭ ਨਹੀਂ ਉਠਾਇਆ, ਉਨ੍ਹਾਂ ਦੇ ਲਾਭ ਵਾਸਤੇ ਨਹੀਂ ਨਹੀਂ। ਹਰ ਇਕ ਦੇ ਲਾਭ ਵਾਸਤੇ ਕਿਉਂਕਿ ਚੰਗੇ ੨ ਵੈਦ, ਲਾਇਕ ਡਾਕਟਰ, ਸਿਆਣੇ ਹਕੀਮ, ਬੁਧੀਮਾਨ ਪੁਰਸ਼ ਭੀ ਅਨੇਕ ਥਾਵਾਂ ਪਰ ਪਲੇਗ ਦਾ ਬੁਖਾਰ ਹੋਵਨ ਪਰ ਪ੍ਰੀਖਯਾ ਕਰਨ ਤੋਂ ਧੋਖਾ ਖਾ ਜਾਂਦੇ ਹਨ ਤੇ ਮਾਮੂਲੀ ਬੁਖਾਰ ਸਮਝ ਕੇ ਮਾਮੂਲੀ ਇਲਾਜ ਸ਼ੁਰੂ ਰਖਦੇ ਹਨ, ਜਿਸਤੋਂ ਵਿੱਚ ਵਿੱਚ ਬੀਮਾਰ ਦੀ ਸੱਤਯਾ

ਨਾਸ ਹੋ ਜਾਂਦੀ ਹੈ, ਉਨ੍ਹਾਂ ਸਭਨਾਂ ਦੇ ਲਾਭ ਵਾਸਤੇ ਅਸੀਂ "ਪਲੇਗ ਦੇ ਤਾਪ" ਦੇ ਲੱਛਨ ਲਿਖਦੇ ਹਾਂ। ਹਰ ਇਕ ਸੱਜਣ ਵਿਚਾਰ ਨਾਲ਼ ਯਾਦ ਕਰ ਰੱਖਣ ਅਤੇ ਅੰਮਿ ਸੱਜਣਾਂ ਨੂੰ ਸੁਣਾ ਪੜ੍ਹਾ ਕੇ ਉਪਕਾਰ ਦਾ ਹਿੱਸਾ ਲੈਣ ਕਿਉਂਕਿ ਇਸ ਭਯਾਨਕ ਮਰਜ਼ ਦਾ ਅਸਰ ਹੁੰਦਿਆਂ ਹੀ ਇਲਾਜ ਸ਼ੁਰੂ ਹੋ ਜਾਵੇ ਤਦ ਬਹੁਤ ਸਾਰੀ ਬਚਾਉ ਦੀ ਆਸ ਹੋ ਸਕਦੀ ਹੈ, ਪਰ ਜੇ ਬੀਮਾਰੀ ਘਰ ਕਰ ਜਾਵੇ ਤਦ ਇਸਦੇ ਉਲਟ ਬਹੁਤ ਹੀ ਕਠਨ ਭਾਗਾਂ ਵਾਲਿਆਂ ਦੀ ਖੈਰ ਹੈ। ਜਦੋਂ ਪਲੇਗ ਦਾ ਜ਼ਹਰ ਕਿਸੇ ਦੇ ਜਿਸਮ ਵਿੱਚ ਕਿਸੇ ਤਰਾਂ ਦਾਖਲ ਹੁੰਦਾ ਹੈ, ਤਦ ਦਾਖਲ ਹੋਣ ਦੇ ਦਿਨ ਤੋਂ ਦਸ ਦਿਨ ਦੇ ਅੰਦਰ ੨ ਉਸਨੂੰ ਪਲੇਗ ਦੀ ਬੀਮਾਰੀ ਹੋ ਜਾਂਦੀ ਹੈ। ਜੇਕਰ ਪਲੇਗ ਦਾ ਜ਼ਹਿਰ ਹਲਕਾ ਅਰਥਾਤ ਥੋੜ੍ਹੇ ਵਜ਼ਨ ਵਿੱਚ ਦਾਖਲ ਹੋਵੇ ਤਦ ਬੀਮਾਰੀ ਛੇ, ਸਤ, ਅਥਵਾ ਅੱਠ, ਯਾ ਦਸ ਦਿਨ ਵਿੱਚ ਜਾਕੇ ਪ੍ਰਗਟ ਹੁੰਦੀ ਹੈ। ਜੇਕਰ ਜ਼ਹਰ ਤੇਜ਼ ਯਾ ਜ਼ਿਆਦਾ ਜਿਸਮ ਵਿੱਚ ਦਾਖਲ ਹੋਇਆ ਹੋਵੇ ਤਦ ਦਾਖਲ ਹੋਣ ਦੇ ਪਿੱਛੋਂ ਝੱਟ ਇੱਕ ਦੋ ਦਿਨ ਵਿੱਚ ਹੀ ਬੀਮਾਰੀ ਬਾਹਰ ਹੋ ਜਾਂਦੀ ਹੈ, ਜਦ ਕਿਸੇ ਸ਼ਹਰ ਵਿੱਚ ਏਸ (ਬੀਮਾਰੀ) ਦੀ ਵਬਾ ਫੈਲਦੀ ਹੈ ਤਦ ਪਹਲੇ ਪਹਲ ਇਸਦਾ ਜ਼ੋਰ ਬਹੁਤਾ ਹੁੰਦਾ ਹੈ, ਅਰਥਾਤ ਜਿਸਨੂੰ ਏਹ ਬੀਮਾਰੀ ਹੁੰਦੀ ਹੈ ਉਸਦੇ ਬਚਨ ਦੀ ਆਸ ਬਹੁਤ ਹੀ ਘੱਟ ਰਹਿੰਦੀ ਹੈ। ਪਰ ਜਦੋਂ ਏਸਦਾ ਅੰਤ ਹੁੰਦਾ ਹੈ ਤਦ ਏਸਦਾ ਜ਼ੋਰ ਘਟ ਜਾਂਦਾ ਹੈ, ਅਕਸਰ ਬਹੁਤ ਸਾਰੇ ਅਜੇਹੇ ਬੀਮਾਰ ਮਾਮੂਲੀ ਦਵਾਈਆਂ ਨਾਲ ਹੀ ਬਚ

ਜਾਂਦੇ ਹਨ।

੧-ਪਹਿਲੇ ਲੱਛਨ ਇਹ ਹੁੰਦੇ ਹਨ ਕਿ ਸਿਰ ਪਕੜਿਆ ਜਾਵੇ, ਸਰੀਰ ਦੇਖਣ ਵਿਚ ਬਹੁਤਾ ਗਰਮ ਨਾਂ ਹੋਵੇ, ਪਰ ਦਿਲ ਵਿੱਚ ਚਿੰਤਾ ਅਤੇ ਘਬਰਾਹਟ ਜ਼ੋਰ ਫੜ ਲਵੇ, ਅੰਦਰੋਂ ਛੁੜਕੀ ਬਹੁਤ ਹੋਵੇ, ਤਪ ਪੈਰੋ ਪੈਰ ਵਧਦਾ ਜਾਵੇ, ਨਸ਼ਾ ਜੈਸਾ ਪ੍ਰਤੀਤ ਹੋਵੇ, ਤਾਪ ਦੇ ਸ਼ੁਰੂ ਹੁੰਦਿਆਂ ਹੀ ਕਮਜ਼ੋਰੀ ਕਈ ਦਿਨਾਂ ਦੇ ਬੀਮਾਰ ਜੇਹੀ ਪ੍ਰਤੀਤ ਹੋਵੇ, ਹੱਡੀਆਂ, ਜੋੜ, ਅਤੇ ਸਿਰ ਵਿਚ ਦਰਦ, ਅਚਵੀ ਵਧਦੀ ਜਾਵੇ, ਨੇਤ੍ਰਾਂ ਵਿੱਚੋਂ ਜਲ ਆਵੇ, ਨੇਤ੍ਰ ਗੰਧਲੇ, ਲਾਲ, ਫੱਟੇ ਜਹੇ ਪ੍ਰਤੀਤ ਹੋਵਨ। ਜੀਭ ਸੜੀ ਹੋਈ, ਕਾਲੀ, ਖੁਰਦਰੀ, ਕਦੇ ਪਾਲਾ ਕਦੇ ਸੜਨ ਜ਼ੋਰ ਵਿੱਚ ਹੋਵੇ।

੨-ਦੂਸਰੇ ਇਹ ਕਿ ਸੁਆਸ ਦਾ ਆਉਣਾਂ ਜਾਣਾਂ ਆਪਣੀ ਅਸਲੀ ਹਾਲਤ ਵਿੱਚ ਨਾਂ ਰਹੇ, ਬਦਲ ਜਾਵੇ। ਸੋ ਕਿਸੇ ਕਿਸੇ ਦਾ ਸੁਆਸ ਤੰਗ ਹੋ ਜਾਂਦਾ ਹੈ, ਅਤੇ ਕਿਸੇ ਦਾ ਲਗਾਤਾਰ ਆਉਣ ਲਗ ਜਾਂਦਾ ਹੈ, ਕਿਸੇ ਦਾ ਉੱਚਾ, ਕਿਸੇ ਦਾ ਦੁਰਗੰਧੀ ਵਾਲਾ ਹੁੰਦਾ ਹੈ। ਪਰ ਦੁਰਗੰਧੀ ਵਾਲਾ ਸੁਆਸ ਮ੍ਰਿਤੂ ਦਾ ਚਿੰਨ੍ਹ ਹੁੰਦਾ ਹੈ।

੩-ਤੀਜੇ ਇਹ ਕਿ ਜੇ ਪਸੀਨਾਂ ਆਵੇ ਤਦ ਬਦਬੂਦਾਰ ਚਿਪਚਿਪਾ ਜੇਹਾ।

੪-ਚੌਥੇ ਇਹ ਕਿ ਨਬਜ਼ ਭਾਰੀ, ਅਤੇ ਕਾਹਲੀ ਚੱਲੇ, ਪਿਸ਼ਾਬ ਕਲੱਤਣ ਤੇ ਸੁਰਖ ਰੰਗ ਦਾ, ਸੁਚੇਤਾ ਨਰਮ ਬਲਗਮ ਤੇ ਬਦਬੂਦਾਰ ਅਤੇ ਬੁਰੇ ਜੇਹੇ ਰੰਗ ਵਾਲਾ।

੫-ਪੰਜਵੇਂ ਇਹ ਕਿ ਪੇਟ ਭਾਰਾ ਜੈਸਾ, ਜਲੋਦਰ

ਸ਼ੁਰੂ ਹੋਂਣ ਦੀ ਪਹਲੀਹਾਲਤਜੇਹਾਹੋਗਿਆਪ੍ਰਤੀਤਹੋਵੇ।

੬-ਛੇਵੇਂ ਏਹ ਕਿ ਜੀ ਮਿਚਲਾਵੇ, ਉਬਾਕ ਔਣ, ਕੈ ਗਰਮੀ ਦੀ ਯਾ ਬਾਦੀ ਦੀ ਹੋਵੇ। ਖੁਰਾਕ ਦੀ ਖ਼ਾਹਸ਼ ਨਾਂ ਰਹੇ, ਮੇਹਦੇ ਦਾ ਮੂੰਹ ਦਿਲ ਵਾਲੇ ਪਾਸਿਓਂ ਦਰਦ ਰਹੇ, ਤੇ ਖੰਘ ਸੁੱਕੀ ਆਵੇ॥

੭-ਸਤਵੇਂ ਪਿਆਸ ਬਹੁਤੀ, ਜ਼ਬਾਨ ਤੇ ਮੂੰਹ ਖੁਸ਼ਕ, ਮੂੰਹ ਅਤੇ ਮਸੂੜ੍ਹੇ ਅੰਦਰੋਂ ਫੁਲ ਜਾਂਵਨ, ਨੀਂਦਰ ਨਾਂ ਹੋਵੇ, ਅਕਲ ਵਿਚ ਫਰਕ ਹੋਜਾਵੇ, ਹੱਥ ਪੈਰ ਸੁਸਤ, ਤਾਕਤ ਪੈਰੋ ਪੈਰ ਘਟਦੀ ਜਾਵੇ, ਘੂਕੀ (ਗਸ਼) ਪਵੇ, ਕੰਨਾਂ ਵਿਚ ਘੂੰ ਘੂੰ ਸ਼ਬਦ ਹੋਵੇ, ਕੰਨ ਵਿਚ ਕੰਬ ਜੇਹੇ ਪ੍ਰਤੀਤ ਹੋਵਨ, ਕੰਬਨਾਂ ਪ੍ਰਲਾਪ (ਸਰਸਾਮ) ਹੋਜਾਵੇ।

੮-ਕਿਸੇ ਕਿਸੇ ਦੇ ਲਾਲ ਲਾਲ ਫੁੰਨਸੀਆਂ (ਚਕਤੇ ਜੈਸੇ) ਹੋ ਜਾਂਦੇ ਹਨ ਤੇ ਹੋ ਹੋ ਕੇ ਛਿਪ ਜਾਂਦੇ ਹਨ। ਕਈਆਂ ਦੇ ਗਿਲਟੀ ਨਿਕਲਦੀ ਹੈ, ਕਈਆਂ ਦੇ ਨਹੀਂ ਨਿਕਲਦੀ।

੯-ਤਾਪ ਦਾ ਜ਼ੋਰ ਰਾਤ ਨੂੰ ਬਹੁਤ ਹੋਵ, ਰਾਤ ੧ ਬਜੇ ਤੋਂ ਸਵੇਰ ਦੇ ੧ ਬਜੇ ਤੱਕ ਹਾਲਤ ਖ਼ਤਰਨਾਕ ਹੁੰਦੀ ਹੈ, ਅਤੇ ਪਲੇਗ ਦੀਆਂ ਬਹੁਤੀਆਂ ਮੌਤਾਂ ਇਸੇ ਸਮੇਂ ਵਿਚ ਹੀ ਹੁੰਦੀਆਂ ਹਨ।

੧੦-ਪਲੇਗ ਦਾ ਬੀਮਾਰ ਦਸ ਦਿਨ ਦੇ ਅੰਦਰ ੨ ਰਾਜ਼ੀ ਭੀ ਹੋ ਜਾਵੇ ਤਦ ਰਾਜ਼ੀ ਨਹੀਂ ਸਮਝਨਾਂ ਚਾਹੀਦਾ ਤੇ ਦਸ ਦਿਨ ਤਕ ਹਾਲਤ ਬਹੁਤ ਖਤਰਨਾਕ ਹੋਂਦੀ ਹੈ ਤੇ ਬੁਖ਼ਾਰ ੧੦੨ ਡਿਗਰੀ ਤੋਂ ੧੦੬ ਦੇ ਵਿੱਚ ਵਿੱਚ ਰਹਿੰਦਾ ਹੈ।

ਨੋਟ–ਕਦੇ ਏਹ ਨਸ਼ਾਨੀਆਂ ਤਪ ਚੜ੍ਹਨ ਤੋਂ ਪਹਲੇ ਭੀ ਪ੍ਰਗਟ ਹੋ ਜਾਂਦੀਆਂ ਹਨ ਅਰ ਅੰਤ ਨੂੰ ਹੱਥ ਪੈਰ ਠੰਢੇ ਹੋ ਜਾਂਦੇ ਹਨ, ਅਰ ਗਸ਼ੀ ਪੈ ਜਾਂਦੀ ਹੈ, ਭਾਵੇਂ ਸਰਸਾਮ ਹੋ, ਭਾਵੇ ਗਰਦਨ ਆਕੜ ਜਾਵੇ ਅਤੇ ਕਦੀ ਤਪ ਦੀ ਗਰਮੀ ਅੰਦਰ ਬਹੁਤ ਮਲੂਮ ਨਹੀਂ ਹੁੰਦੀ। ਅਰ ਨਾਂਹੀ ਅੰਦਰ ਬਹੁਤ ਜਲਦਾ ਹੈ, ਏਹ ਨਿਸ਼ਾਨੀ ਸੱਭਨਾਂ ਤੋਂ ਖ਼ਤਰੇ ਵਾਲੀ ਹੈ।

ਪ੍ਰਮੇਸ਼੍ਵਰ ਏਨਾਂ ਬਲਾਵਾਂ ਤੋਂ ਬਚਾਈ ਰੱਖੇ।

ਪਲੇਗ ਦੀਆਂ ਕਿਸਮਾਂ!

ਵਿਸ਼ੇਸ਼ ਕਰਕੇ ਪਲੇਗ ਦੇ ਬੀਮਾਰ ਚਾਰ ਹੀ ਤਰਾਂ ਦੇਖਣ ਵਿੱਚ ਆਏ ਹਨ। ਅਰਥਾਤ ਪਲੇਗ ਦੀਆਂ ਚਾਰ ਕਿਸਮਾਂ ਦੇਖੀਆਂ ਜਾਂਦੀਆਂ ਹਨ ਜੈਸਾ ਕਿ:–

੧–ਗਿਲਟੀ ਵਾਲੀ ਪਲੇਗ, ੨–ਖਾਂਸੀ ਵਾਲੀ ਪਲੇਗ, ੩–ਖੂਨੀ ਪਲੇਗ, ੪–ਦਸਤਾਂ ਵਾਲੀ ਪਲੇਗ। ਡਾਕਟਰ ਸੱਜਣ ਏਨ੍ਹਾਂ ਨੂੰ ੧. ਬਯੂਬੋਨਿਕ, ੨. ਨਯੂਮੋਨਿਕ, ੩ ਸਪੀਸੀਮਿਕ ਅਤੇ ੪ ਨਸੋਂਟ੍ਰਕ ਪਲੇਗ ਆਖਦੇ ਹਨ। ਏਨਾਂ ਦੇ ਅੱਡ ੨ ਲੱਛਨ ਹੇਠ ਲਿਖਦੇ ਹਾਂ:–

੧–ਬਯੂਬੋਨਿਕ ਅਰਥਾਤ ਗਿਲਟੀ ਵਾਲੀ ਪਲੇਗ ਹੀ ਬਹੁਤ ਕਰਕੇ ਦੇਖਣ ਵਿੱਚ ਔਂਦੀ ਹੈ ਇਸ ਵਿੱਚ ਕਿਸੇ ਜਗ੍ਹਾ (ਸ਼ਰੀਰ ਦੇ ਮਾਸਲੇ ਜੋੜ) ਵਿੱਚ ਖਾਸ ਕਰਕੇ ਜੰਘਾਂ, ਬਗਲ ਯਾ ਗਰਦਨ ਦੀ ਗਿਲਟੀ ਸੁਜ ਜਾਂਦੀ ਹੈ ਅਰਥਾਤ ਜਦ ਜ਼ਹਰ ਲੱਤਾਂ ਯਾ ਪੈਰਾਂ ਦੇ ਰਸਤੇ ਹੋਕੇ ਜਿਸਮ ਵਿੱਚ ਦਾਖਲ ਹੋਵੇ ਤਦ ਜੰਘਾਂ

ਕੀਆਂ ਗਿਲਟੀਆਂ ਸੁੱਜ ਜਾਂਦੀਆਂ ਹਨ। ਜੇਕਰ ਹੱਥਾਂ ਵੱਲੋਂ ਜ਼ਹਿਰ ਪ੍ਰਵੇਸ਼ ਹੋਵੇ ਤਦ ਬਗ਼ਲ ਦੀਆਂ ਗਿਲ-ਟੀਆਂ ਸੁੱਜਦੀਆਂ ਹਨ। ਜੇ ਸ੍ਵਾਸ ਨਾਲ ਜ਼ਹਿਰ ਮਿਲਕੇ ਦਾਖ਼ਲ ਹੋਵੇ ਤਦ ਗਰਦਨ ਦੀਆਂ ਗਿਲਟੀਆਂ ਸੁੱਜ ਜਾਂਦੀਆਂ ਹਨ। ਪਹਿਲੇ ਪਹਿਲ ਬੜੀ ਹੀ ਦੁਖ ਦਾਈ ਸਿਰ ਦਰਦ ਹੁੰਦੀ ਹੈ, ਕਿਸੇ ੨ ਸਮਯ ਇਹ ਦਰਦ ਥੋੜ੍ਹੀ ਵੀ ਹੁੰਦਾ ਹੈ। ਇਸਤੋਂ ਪਿੱਛੋਂ ਕਿਤੇ ਨਾਂ ਕਿਤੇ ਦੀਆਂ ਗਿਲਟੀਆਂ ਸੁੱਜ ਜਾਂਦੀਆਂ ਹਨ ਅਤੇ ਬੜੇ ਹੀ ਜ਼ੋਰ ਦਾ ਬੁਖ਼ਾਰ ਹੋ ਜਾਂਦਾ ਹੈ, ਅੱਖਾਂ ਅੰਗਾਰ ਦੀ ਤਰਾਂ ਸੁਰਖ਼ ਹੋ ਜਾਂਦੀਆਂ ਹਨ, ਅਤੇ ਲਹੂ ਦੇ ਜ਼ਹਿਰੀਲਾ ਹੋ ਜਾਣ ਅਰ ਦਮਾਗ਼ ਦੀ ਵਲ ਜਾਣ ਕਰਕੇ ਇਕ ਤਰਾਂ ਦਾ ਨਸ਼ਾ ਜਿਹਾ ਹੋ ਜਾਂਦਾ ਹੈ। ਅਤੇ ਰੋਗੀ ਦੇ ਹੋਸ਼ ਹਵਾਸ ਠੀਕ ਨਹੀਂ ਰਹਿੰਦੇ, ਗ਼ਸ਼ੀ ਦੀ ਹਾਲਤ ਵਿਚ ਪਿਆ ਰਹਿੰਦਾ ਹੈ, ਬਹੁਤ ਹੀ ਕਮਜ਼ੋਰ ਤੇ ਬਦ-ਸੂਰਤ ਹੋ ਜਾਂਦਾ ਹੈ, ਰੋਗੀ ਦੇ ਸ਼ਰੀਰ ਵਿਚੋਂ ਇੱਕ ਖ਼ਾਸ ਤਰਾਂ ਦੀ ਬੂ ਔਣ ਲਗ ਜਾਂਦੀ ਹੈ ਜਿਸਨੂੰ ਇਸ (ਬੂ) ਦੇ ਸੁੰਘਣ ਦਾ ਇਕ ਵਾਰੀ ਭੀ ਇਤਫ਼ਾਕ ਪੈ ਜਾਏ ਓਹ ਫੇਰ ਕਦੇ ਨਹੀਂ ਭੁਲਦਾ। ਕੁਝ ਦਿਨਾਂ ਪਿੱਛੋਂ ਗਿਲਟੀਆਂ ਪੱਕ ਕੇ ਕਿਸੇ ੨ ਦੇ ਪੀਪ ਭੀ ਹੋ ਜਾਂਦੀ ਹੈ, ਐਸੀ ਹਾਲਤ ਵਿੱਚ ਫਲ ਹਛਾ ਹੁੰਦਾ ਹੈ, ਅਰਥਾਤ ਜਿਸਦੀ ਗਿਲਟੀ ਪੱਕ ਜਾਵੇ ਤਿਸ ਦੇ ਬਚਨ ਦੀ ਬਹੁਤ ਸਾਰੀ ਉਮੈਦ ਹੋ ਜਾਂਦੀ ਹੈ। ਯਾਂ ਗਿਲਟੀ ਦੀ ਸ਼ਕਲ ਬਹੁਤ ਉੱਭਰੀ ਹੋਈ ਹੋਵੇ ਤਦ ਭੀ ਫਲ ਅੱਛਾ ਹੁੰਦਾ (ਪਰ ਕੱਚੀ ਗਿਲਟੀ ਨੂੰ ਚੀਰਾ ਦੇਵਨ ਯਾ ਜੋਕਾਂ

ਭਾਣਾ ਮੰਨ ਕੇ ਪ੍ਰਸੰਨ ਰਹੋ, ਇਸ ਤਰਾਂ ਕਰਨ ਨਾਲ ਇਕ ਮਨ ਨੂੰ ਕਲੇਸ਼ ਘੱਟ ਹੋਵੇਗਾ, ਦੂਸਾ ਬੀਮਾਰੀ ਨਹੀਂ ਵਧੇਗੀ। ਵਾਹਿਗੁਰੂ ਦੇ ਘਰ ਕੀ ਘਾਟਾ ਹੈ ਜੋ ਬੀਮਾਰੀ ਮੋੜਾ ਖਾਵੇ। "ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ" ਹੌਸਲਾ ਕੀਤਿਆਂ ਹੀ ਕੁਝ ਬਣਦਾ ਹੈ, ਹੌਸਲਾ ਢਾਹਿਆਂ ਬੀਮਾਰੀ ਵਧਣ ਲੱਗ ਜਾਂਦੀ ਹੈ ਤੇ ਦਵਾ ਭੀ ਚੰਗਾ ਅਸਰ ਨਹੀਂ ਕਰਦੀ।

ਪ੍ਰਵਸ ਕੌਰ-"ਬੇਬੇ ਜੀ! ਮੈਂ ਬੀਮਾਰੀ ਦਾ ਖਯਾਲ ਕਰਕੇ ਐਡਾ ਨਹੀਂ ਰੋਂਦੀ, ਰੋਣਾਂ ਤਾਂ ਮੈਨੂੰ ਹੋਰ ਹੀ ਗੱਲੇ ਆਉਂਦਾ ਹੈ, ਸਰੀਰ ਦਾ ਕੀ ਹੈ ਜੇ ਇਸਨੇ ਵਿਨਸਣਾ ਹੈ ਤਾਂ ਵਿਨਸ ਹੀ ਜਾਵੇਗਾ, ਜੇ ਹੁਣ ਨਾਂ ਨਾਸ ਹੋਇਆ ਤਾਂ ਚਿਰ ਪਾਕੇ ਅੰਤ ਨੂੰ ਏਹਨੇ ਜਾਣਾ ਹੀ ਹੈ, ਚਿਰ ਥੋੜਾ ਹੀ ਰਹਿਣਾ ਹੈ, ਥਿਰ ਤਾਂ ਕੇਵਲ ਹਰ ਨਰਾਇਣ ਨੇ ਹੀ ਰਹਿਣਾ ਹੈ। ਰੁਆਉਣ ਵਾਲੀ ਜੇੜ੍ਹੀ ਗੱਲ ਹੈ ਓਹ ਇਹ ਹੈ ਕਿ ਤੁਹਾਨੂੰ ਪਤਾ ਹੀ ਹੋਣਾ ਹੈ ਕਿ ਲਾਲੋ ਦੇ ਭਾਈਏ ਹੋਰੀ ਮੇਰੀ ਬੀਮਾਰੀ ਵਿੱਚ ਕਿੰਨਾਕੁ ਧਿਆਨ ਦੇਂਦੇ ਹਨ? ਕਿੰਨਾਕੁ ਖਰਚ ਕਰਦੇ ਹਨ? ਕਿੰਨੀਕੁ ਟਹਿਲ ਕਰਦੇ ਹਨ? ਕੇਹੜੇ੨ ਸਿਆਣੇ ਪਾਸੋਂ ਮੈਨੂੰ ਦਿਖਾਇਆ ਹੈ? ਇਹ ਸਭੇ ਗੱਲਾਂ ਤੁਹਾਥੋਂ ਗੱਝੀਆਂ ਛਿਪੀਆਂ ਥੋੜੀਆਂ ਹਨ। ਜੋ ਟਹਿਲ ਕਰਦਾ ਹੈ, ਜੋ ਖਰਚ ਕਰਦਾ ਹੈ, ਜੁਗ ਜੁਗ ਜੀਵੇ! ਮੇਰੀ ਮਾਂ ਦਾ ਜਾਇਆ ਵੀਰ ਕਰਦਾ ਹੈ, ਜੀਉਣ ਜੋਗੇ ਨੂੰ ਜਦੋਂ ਕੰਮ ਤੋਂ ਵੇਹਲ ਲੱਗਦੀ ਹੈ ਤਦੋਂ ਹੀ ਸਿਆਣੇ ਪਾਸੋਂ ਦਵਾਈ ਪੁੱਛ ਕੇ ਦੇਂਦਾ ਹੈ, ਸੁੱਖ ਅਰਾਮ ਭੋਗਣੇ ਇਸਦੇ ਨਸੀਬ

ਨਹੀਂ ਰਹੇ, ਜਿੱਥੇ ਸਿਆਣੇ ਦੀ ਦੱਸ ਪੈਂਦੀ ਹੈ ਉਥੇ ਹੀ ਪਹੁੰਚਦਾ ਹੈ, ਹੁਣ ਕਹਿੰਦਾ ਹੈ ਧਰਮ ਪੁਰ (ਕਾਲਕਾ ਸ਼ਿਮਲਾ ਰੇਲਵੇ ਤੇ) ਜਾਈਏ, ਪਰ ਵੇਹਲ ਤੇ ਮਾਇਆ ਦੀ ਤੰਗੀ ਕਰਕੇ ਲਿਜਾ ਨਹੀਂ ਸਕਦਾ। ਹੁਣ ਤੁਸੀ ਦੱਸੋ ਖਾਂ ਜਿਸ ਵੱਡੇ ਘਰ ਦੇ ਖਿਆਲ ਵਿੱਚ ਮੈਨੂੰ ਇਸ ਘਰ ਦਿੱਤਾ ਸੀ, ਉਸਦਾ ਮੈਨੂੰ ਕੀ ਸੁਖ ਹੋਇਆ ? ਵੱਡੇ ਮਹਿਲ ਮਾੜੀਆਂ ਦੇਖਕੇ ਟੱਕਰ ਮਾਰਾਂ, ਮੈਨੂੰ ਏਹਨਾਂ ਦਾ ਕੀ ਸੁਖ ? ਸੋਨੇ ਦੇ ਗਹਿਣਿਆਂ ਨੂੰ ਚੱਟ ਮਾਰਾਂ, ਗਹਿਣਿਆਂ ਵਿੱਚ ਲੱਦਿਆਂ ਤੁਰਨ ਦਾ ਹੁਣ ਮੁੱਲ ਪਿਆ ਹੈ, ਵੱਡੇ ਘਰਾਂ ਦੇ ਸੁਖ, ਨੌਕਰਾਂ ਦੀ ਸੇਵਾ, ਪਲੰਘ ਤੇ ਬੈਠਿਆਂ ਹੁਕਮ ਕਰਨਾਂ, ਬੱਘੀਆਂ ਵਿੱਚ ਬੈਠ ਕੇ ਦੂਜੇ ਘਰੀਂ ਪਹੁੰਚਨ ਦੇ ਖਿਆਲ ਹੁਣ ਸੁਆਦ ਦੇਂਦੇ ਹਨ। ਕਿਹਾ ਚੰਗਾ ਹੁੰਦਾ ਜੇ ਮੇਰੀ ਮਾਂ ਮੈਨੂੰ ਉਸ ਘਰ ਦੇਂਦੀ ਜਿੱਥੇ ਜੇ ਸਰਦੇ ਪੁਜਦੇ ਵਿੱਚ ਘੱਟ ਨਾ ਹੁੰਦਾ ਤਾਂ ਬਰਾਬਰ ਤਾਂ ਹੁੰਦਾ। ਸਿਆਣੇ ਲੋਕੀ ਆਪਣੀਆਂ ਧੀਆਂ ਨੂੰ ਆਪਣੇ ਨਾਲੋਂ ਛੋਟੀਂ ਘਰੀਂ ਦੇਂਦੇ ਸਨ ਤਾਂਕਿ ਸੁਖੀ ਵੱਸਣ, ਇਸ ਨਿਯਮ ਨੂੰ ਭੁੱਲਣ ਕਰਕੇ ਹੀ ਧੀਆਂ ਦੁਖੀ ਹੁੰਦੀਆਂ ਹਨ, ਕਿਉਂਕਿ ਛੋਟੇ ਲੋੜਵੰਦੀਂ ਘਰੀਂ ਵਹੁਟੀ ਦੀ ਕਦਰ ਹੁੰਦੀ ਹੈ, ਉਹ ਜਾਣਦੇ ਹਨ ਕਿ ਦੂਜੇ ਵਿਆਹ ਕਰਾਉਣ ਵਿੱਚ ਕਿੰਨੀ ਔਖਜਾਈ ਹੁੰਦੀ ਹੈ, ਉਹ ਸੇਵਾ ਕਰਦਾ ਹੈ, ਪਿਆਰ ਕਰਦਾ ਹੈ, ਦਵਾ ਦਾਰੂ ਕਰਦਾ ਹੈ, ਉਸਦੇ ਰਾਜ਼ੀ ਹੋਣ ਲਈ ਅਰਦਾਸਾਂ ਕਰਦਾ ਹੈ, ਇਹ ਗੱਲਾਂ ਹੁੰਦੀਆਂ ਹਨ ਜੋ ਰੋਗ ਨੂੰ ਕਟਦੀਆਂ ਹਨ। ਦਵਾ ਦਾਰੂ ਸ਼ੁਭ ਵਾਸ਼ਨਾਂ ਨਾਲ ਪ੍ਰਾਰਥਨਾਂ ਨਾਲ

ਭਰਿਆ ਰੋਗੀ ਲਈ ਬੜਾ ਹੀ ਗੁਣਕਾਰ ਹੁੰਦਾ ਹੈ, ਪਰ ਏਥੇ ਲਾਭੋ ਦੇ ਭਾਈਏ ਹੋਰਾਂ ਪੁੱਛਿਆ ਤੱਕ ਨਹੀਂ ਕਿ ਕਿੱਥੇ ਹੋ? ਓਹ ਪੁੱਛੇ ਕਿਉਂ? ਉਸਨੂੰ ਵਹੁਟੀਆਂ ਦਾ ਘਾਟਾ ਹੈ? ਅਜੇ ਮੈਂ ਜੀਉਂਦੀ ਹਾਂ, ਕਿੰਨੇ ਹੀ ਘਰ ਏਸ ਘਰ ਵੱਲ ਅੱਖ ਰੱਖੀ ਬੈਠੇ ਹਨ ਕਿ ਕਦ ਮੈਂ ਮਰਾਂ ਤੇ ਕਦ ਓਹ ਆਪਣੀ ਧੀ ਨੂੰ ਵੱਡੇ ਘਰ ਵਿਆਹ ਕੇ ਉਨ੍ਹਾਂ ਦੀਆਂ ਸੁਖ ਮਾਨਣ ਦੀਆਂ ਸੱਧਰਾਂ ਪੂਰੀਆਂ ਕਰਨ, ਕਿੰਨੀਆਂ ਹੀ ਲਾਭੋ ਜੀ ਪਾਸ ਮੇਰੀ ਸੁਖ ਪੁੱਛਣ ਦੇ ਬਹਾਨੇ ਚਾਕਰੀ ਵਾਸਤੇ ਆ ਢੁੱਕੀਆਂ ਹਨ।

ਰਾਮ ਕੌਰ—ਬੀਬੀ! ਜਦੋਂ ਧਨਵੰਤ ਸਿੰਘ (ਲਾਭੋ ਦਾ ਭਾਈਆ ਪ੍ਰਕਾਸ਼ ਕੌਰ ਦਾ ਘਰ ਵਾਲਾ) ਦੀ ਪਹਿਲੀ ਵਹੁਟੀ ਮੋਈ ਸੀ ਤਾਂ ਮੈਂ ਬਥੇਰਾ ਤੇਰੀ ਮਾਂ ਨੂੰ ਹਟਕ ਰਹੀ ਕਿ ਇਸ ਘਰ ਸਾਕ ਨਾਂ ਕਰ, ਗਿਆਨ ਸਿੰਘ ਨਾਲ ਜੋ ਉਸ ਵੇਲੇ ਪੜ੍ਹਦਾ ਸੀ, ਫੇਰੇ ਦੇ ਦੇਹ, ਭਾਵੇਂ ਓਹਨਾਂ ਦੇ ਮਹਿਲ ਮਾੜੀਆਂ ਨਹੀਂ ਹਨ, ਬੱਘੀਆਂ ਨਹੀਂ ਪਰ ਹੱਥ ਵਿੱਚ ਹੁਨਰ ਹੈ, ਪੜ੍ਹਿਆ ਹੋਇਆ ਹੈ, ਲੋੜਵੰਦ ਹੈ, ਕਦਰ ਕਰੇਗਾ, ਜੋ ਕੁਝ ਲਿਆਇਗਾ ਹੱਥ ਤੇ ਧਰੇਗਾ, ਜੀਵਨ ਸੁਖੀ ਬਤੀਤ ਹੋਵੇਗਾ, ਪਰ ਤੇਰੀ ਮਾਂਨੇ ਨਾਂ ਮੰਨੀ, ਪਰ ਨਾਂ ਮੰਨੀ। ਇਹ ਏਹੋ ਆਖੇ ਐਡਾ ਵੱਡਾ ਘਰ ਛੱਡਕੇ ਮੈਂ ਆਪਣੀ ਧੀ ਛੋਟੇ ਘਰ ਦੇਵਾਂ! ਕੀ ਇਹ ਗੱਲ ਚੰਗੀ ਕੀਤੀ ਸੀ ਜੋ ਤੈਨੂੰ ਚੰਗੇ ਕਢੀਆ ਕਨਾਰੀਆਂ ਵਾਲੇ ਕੱਪੜੇ ਪਵਾਕੇ ਉਸ ਦੀਆਂ ਅੱਖਾਂ ਅੱਗੋਂ ਲੰਘਾਇਆ ਸੀ ਕਿ ਤੈਨੂੰ ਵੇਖ ਲੈਣ? ਕੀ ਇਹ ਗੱਲ ਪਤਵੰਤੇ ਕਰਦੇ ਹਨ? ਜੋ ਕੁਝ ਕੀਤਾ ਚੰਗਾ ਨਾਂ ਕੀਤਾ, ਇਹ

ਗੱਲ੍ਹਾਂ ਝੂਠੀਆਂ ਜੋੜੀਆਂ ਸਨ, ਪਾਸ ਬੈਠੀ ਸੁਣਦੀ ਰ ਹੈ ਭਾਵੇਂ ਗੁੱਸਾ ਹੀ ਕਰੇ।

ਸੁਖਲੱਧ ਕੌਰ—ਭੈਣ ਜੀ! ਸੱਚੀਆਂ ਗੱਲਾਂ ਦਾ ਗੁੱਸਾ ਕਾਸਨੂੰ ਕਰਨਾ ਹੋਇਆ, ਆਪਣੇ ਕਰਮ ਜੋ ਸੜ ਗਏ, ਮੈਨੂੰ ਕੀ ਪਤਾ ਸੀ ਕਿ ਧਨ ਪਾਤ੍ਰਾਂ ਦੇ ਦਿਲ ਐਡੇ ਕਠੋਰ ਤੇ ਨਿਰਦਈ ਹੁੰਦੇ ਹਨ, ਜੋ ਆਪਣੀਆਂ ਵਿਆਹੀਆਂ ਤ੍ਰੀਮਤਾਂ ਨਾਲ ਐਹੋ ਜੇਹੇ ਸਲੂਕ ਕਰਦੇ ਹਨ। ਓਹ ਵਿਆਹ ਦੇ ਸਮੇਂ ਦੂਜੇ ਦੀ ਧੀ ਨੂੰ ਆਪਣੀ (ਅਰਧੰਗੀ) ਅੱਧਾ ਅੰਗ ਬਣਾਉਣ ਦੇ ਸਾਰੇ ਕੌਲ ਕਰਾਰ ਭੁੱਲ ਜਾਣਗੇ ਤੇ ਜ਼ਰਾ ਰੱਬ ਤਰਸੀ ਵੀ ਨਹੀਂ ਰਹਿ ਜਾਵੇਗੀ, ਮੈਨੂੰ ਬੜਾ ਝੁਰੇਵਾਂ ਆਉਂਦਾ ਹੈ।

ਰਾਜ ਕੌਰ—ਕਿਉਂ ਨਾਂ ਭੁੱਲਣ? ਜਦੋਂ ਉਨ੍ਹਾਂ ਨੂੰ ਪਤਾ ਹੈ ਜੋ ਸਾਨੂੰ ਇਸ ਪੁਰਾਣੀ ਵਹੁਟੀ ਮਰਨ ਤੇ ਹੋਰ ਨਵੀਂ ਵਹੁਟੀ ਮਿਲਨ ਵਾਸਤੇ ਇੱਕ ਨਹੀਂ ਕਿੰਨਿਆਂ ਹੀ ਘਰਾਂ ਤੋਂ ਸਫਾਰਸ਼ਾਂ ਪੈਣਗੀਆਂ, ਫੇਰ ਵੇਖਕੇ ਮਨ ਮੰਨ ਕੇ, ਤਦ ਕਿਉਂ ਓਹ ਕੌਲ ਕਰਾਰਾਂ ਦੀ ਪ੍ਰਵਾਹ ਕਰਨ? ਓਹ ਤਾਂ ਸਮਝਦੇ ਹਨ ਕਿ ਇਕ ਜੁੱਤੀ ਲਾਹੀ ਤੇ ਹੋਰ ਨਵੀਂ ਪਾ ਲਈ। ਕੀ ਤੈਨੂੰ ਪਤਾ ਨਹੀਂ ਸੀ ਕਿ ਤੇਰੇ ਜਵਾਈ ਦੀ ਪਹਿਲੀ ਵਹੁਟੀ ਲੜਕੀ ਜੰਮਣ ਦੇ ਵੇਲੇ ਪ੍ਰਸੂਤ ਦੇ ਰੋਗ ਨਾਲ ਮੋਈ ਸੀ, ਤਦ ਉਸ ਵਿਚਾਰੀ ਦੀ ਕਿੰਨੀ ਕੁ ਖਾਤਰਦਾਰੀ ਕੀਤੀ ਸੀ? ਕੀ ਕੋਈ ਉਸਦੇ ਮੰਜੇ ਦੇ ਨੇੜੇ ਭੀ ਢੁੱਕਦਾ ਸੀ? ਪਰ ਵਿਚਾਰੀ ਦੀ ਇਹ ਦਸ਼ਾ ਵੇਖਦਿਆਂ ਵੀ ਆਪ ਹਟਕੇ ਰਹੇ? ਸਭੋ ਕੁਝ ਵੇਖਦਿਆਂ ਹੋਇਆਂ ਤੁਸਾਂ ਆਪਣੀ ਧੀ ਨੂੰ ਇਸ ਘਰ ਦਿੱਤਾ, ਇਹ

[illegible]

ਬਿਖਿਆ ਲੇ ਡੂਬੀ ਸੰਸਾਰ ॥

੧ੴ

ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰ: ੪੨

ਨਿੰਦਤ ਭ੍ਰਸ਼ਟਾਚਾਰ !

ਜਿਸ ਵਿਚ

ਸਕੰਧਪੁਰਾਣ ਮਥੁਰਾਖੰਡ ਦੇ ਬਵਿੰਜਵੇਂ ਅਧਜਾ ਵਿਚੋਂ ਤੇ ਹੋਰ ਬਹੁਤੇ ਵਿਦਜਵਾਨਾਂ, ਬੱਧੀਵਾਨਾਂ ਡਾਕਟਰਾਂ ਤੇ ਅਖਬਾਰਾਂ ਦੀਆਂ ਸੰਮਤੀਆਂ ਅਨੁਸਾਰ ਤੰਬਾਕੂ ਦਾ ਪੀਣਾ, ਚੱਬਣਾ, ਨਸਵਾਰ, ਚੁਰਟ ਆਦਿ ਸ਼ਕਲਾਂ ਵਿਚ ਵਰਤਨ ਦੇ ਔਗੁਣ ਚੰਗੀ ਤਰਾਂ ਦੱਸੇ ਹਨ।

ਲੇਖਕ ਤੇ ਪ੍ਰਕਾਸ਼ਕ !

ਭਾਈ ਮੋਹਨ ਸਿੰਘ ਵੈਦ

Bhai MOHAN SINGH Vaidya,
Municipal Commissioner,
Tarn Tarn (Punjab.)

ਨਵੰਬਰ ੧੯੧੪

ਵਜ਼ੀਰ ਹਿੰਦ ਪਰੈਸ ਅੰਮ੍ਰਿਤਸਰ।

ਚੌਥੀ ਵਾਰ ੧੦੦੦ ਮੁਲ ਚਾਰ ਪੈਸ

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਪ੍ਰਾਰਥਨਾ!

ਦਾਸ ਨੇ ਇਹ ਟ੍ਰੈਕਟ ਪਹਿਲੇ ਸੰਮਤ ੧੯੫੪ ਬਿਕ੍ਰਮੀ ਵਿਚ ਛਪਾ ਕੇ ਮੁਫਤ ਵੰਡਿਆ ਸੀ, ਤਦੋਂ ਕਈ ਕੁ ਕਾਰਨਾਂ ਕਰਕੇ ਕੇਵਲ ਸਕੰਧ ਪੁਰਾਣ ਦਾ ਅਧਜਾ ਹੀ ਛਪਵਾਯਾ ਸੀ ਪਰ ਫੇਰ ਭੀ ਉਸਦਾ ਫਲ ਚੰਗਾ ਨਿਕਲਯਾ। ਬੇਅੰਤ ਦੇਸ਼ ਵਾਸੀਆਂ ਨੇ ਇਸ ਭ੍ਰਸ਼ਟਾਚਾਰ ਦਾ ਤਯਾਗ ਕੀਤਾ। ਫੇਰ ਸੰਨ ੧੯੦੨ ਵਿਚ ਭਾਈ ਰਲਾ ਸਿੰਘ ਜੀ ਦੇ ਰਾਹੀਂ ਤਿੰਨ ਹਜ਼ਾਰ ਇਹ ਹੁਣ ਵਾਲਾ ਸਾਰਾ ਮਜ਼ਮੂਨ ਪ੍ਰਕਾਸ਼ਤ ਕੀਤਾ ਸੀ ਜਿਸਦੀ ਸਫਲਤਾ ਆਸ ਤੋਂ ਵੱਧ ਹੋਈ! ਹੁਣ ਦਾਸ ਦਾ ਵਿਚਾਰ ਇਸਨੂੰ ਹੋਰ ਭੀ ਬਹੁਤ ਸਾਰਾ ਵਧਾ ਦੇਵਨ ਦਾ ਸੀ ਜਿਸ ਵਾਸਤੇ ਵੇਹਲੇ ਸਮੇਂ ਦੀ ਉਡੀਕ ਸੀ ਪਰ ਇਹ ਚਿਰਾਂ ਤੋਂ ਮੁੱਕਾ ਹੋਯਾ ਹੈ ਤੇ ਬਾਹਰ ਦੇ ਸੱਜਣਾਂ ਵੱਲੋਂ ਬਹੁਤ ਮੰਗ ਹੋ ਰਹੀ ਹੈ। ਇਸੇ ਸਮੇਂ ਵਿਚ ਇਕ ਕੁਤਬ ਫਰੋਸ਼ ਨੇ ਇਸਨੂੰ ਚੋਰੀ ਛਾਪ ਕੇ ਭੀ ਵੇਚ ਲਿਆ ਜੋ ਪ੍ਰਚਾਰ ਨੂੰ ਮੁਖ ਰਖਕੇ ਖਿਮਾਂ ਕਰ ਦਿੱਤਾ ਗਿਆ। ਏਨਾਂ ਕਾਰਨਾਂ ਤੇ ਹੁਣ ਇਸਨੂੰ ਦੂਜੀ ਵਾਰ ਦੀ ਤਰਾਂ ਹੀ ਪ੍ਰਕਾਸ਼ਤ ਕੀਤਾ ਜਾਂਦਾ ਹੈ ਜੋ ਬਹੁਤ ਹੀ ਲਾਭਵੰਦ ਸਿੱਖਯਾ ਦੇਣ ਤੇ ਇਸ ਭ੍ਰਸ਼ਟਾਚਾਰ ਦੇ ਵਰਤਨ ਵਾਲਿਆਂ ਨੂੰ ਇਸ ਕਲੰਕ ਤੋਂ ਬਚਾਣ ਦਾ ਉਪਦੇਸ਼ ਦੇਵਨ ਵਾਸਤੇ ਅਦੁਤੀ ਹੈ। ਅਕਾਲ ਪੁਰਖ ਜੀ ਕ੍ਰਿਪਾ ਕਰਨ ਜੋ ਅਜੇਹੇ ਭ੍ਰਸ਼ਟ ਅਚਾਰਾਂ ਤੋਂ ਦੇਸ਼ ਵਾਸੀ ਬਚਨ!

ਨਵੰਬਰ ੧੯੧੪ — ਦਾਸ—ਮੋਹਨ ਸਿੰਘ ਵੈਦ
ਤਰਨ ਤਾਰਨ (ਪੰਜਾਬ)

ਭੂਮਕਾ !

ਇਕ ਸਮਯ ਸ੍ਰੀ ਬ੍ਰਹਮਾਂ ਜੀ ਨੂੰ ਇਕੰਤ ਅਸਥਾਨ ਵਿਚ ਬੈਠੇ ਦੇਖ ਕਰ ਸ੍ਰੀ ਨਾਰਦ ਜੀ ਆਏ, ਬ੍ਰਹਮਾਂ ਜੀ ਨੂੰ ਇਕ ਚਿਤ ਵੇਖਕੇ ਪ੍ਰਸ਼ਨ ਕੀਤਾ ਕਿ ਹੇ ਭਗਵਾਨ ! ਏਸ ਸੰਸਾਰ ਵਿੱਚ ਪਹਿਲੇ ਜੁਗਾਂ ਵਿਚ ਤਾਂ ਕਠਨ ੨ ਸਾਧਨ ਕਰਦੇ ਹੀ ਮਰ ਜਾਂਦੇ ਸਨ ਅਰ ਜੇਕਰ ਥੋੜਾ ਭੀ ਕੁਲ ਆਦਿਕਾਂ ਵਿੱਚ ਵਿਘਨ ਹੋ ਜਾਵੇ ਤਦ ਸਾਰੇ ਕਰਮ ਨਿਸਫਲ ਹੋ ਜਾਂਦੇ ਸਨ, ਇਸ ਤਰਾਂ ਕਿਸੇ ਕਿਸੇ ਦੀ ਗਤੀ (ਮੁਕਤੀ) ਹੁੰਦੀ ਸੀ, ਪਰ ਜਦੋਂ ਕਲਜੁਗ ਆਵੇਗਾ ਤਦ ਪ੍ਰਾਣੀਆਂ ਦੀ ਉਮਰ ਬਿਲਕੁਲ (ਪਾਪਾਂ ਕਰਕੇ) ਘੱਟ ਹੋ ਜਾਵੇਗੀ ਤਦ ਪਹਿਲੇ ਸਾਧਨ ਜਪ, ਤਪ, ਯੱਗ ਆਦਿਕ ਜੋ ਬਹੁਤੀ ਉਮਰ ਕਰਕੇ ਪੂਰੇ ਹੁੰਦੇ ਸਨ ਓਹ ਭੀ ਥੋੜੀ ਉਮਰ ਕਰਕੇ ਨਹੀਂ ਹੋ ਸਕਣਗੇ, ਤਦ ਕਲ-ਯੁਗ ਦੇ ਜੀਵਾਂ ਦਾ ਉਧਾਰ ਕਿਸ ਤਰਾਂ ਹੋਵੇਗਾ? ਇਤਨੀ ਗੱਲ ਨਾਰਦ ਜੀ ਦੀ ਸੁਣ ਕਰਕੇ ਬ੍ਰਹਮਾ ਜੀ ਨੇ ਉੱਤਰ ਦਿਤਾ ਕਿ ਹੇ ਨਾਰਦ ਮੁਨੀ! ਸਾਰੇ ਲੋਕਾਂ ਦੇ ਰਖਜਕ ਪਾਲਨਾ ਕਰਨ ਵਾਲੇ ਜੋ ਸ੍ਰੀ ਬਿਸ਼ਨੂੰ ਜੀ ਮਹਾਰਾਜ ਹਨ ਓਹ ਕਲਿਜੁਗ ਦੇ ਪਹਿਲੇ ਹਿੱਸੇ ਵਿਚ ਮਨੁਖ ਦੇਹ ਨੂੰ ਧਾਰਨ ਕਰਕੇ ਸਾਰੇ ਜੀਵਾਂ ਦੀ ਕਲਿਆਨ ਵਾਸਤੇ ਇਕ ਪਰਮੇਸ਼ਰ ਦਾ ਭਜਨ ਹੀ ਮੁਖ ਰੱਖਣਗੇ, ਜਿਸਦਾ ਜਾਪ ਕਰਨ ਕਰਕੇ ਯੱਗ ਤਪ, ਦਾਨ ਆਦਿਕ ਸਾਰੇ ਪਹਿਲੇ ਸਾਧਨਾਂ ਤੋਂ ਵਧ ਫਲ ਮਿਲੇਗਾ ਤੇ ਏਹਨਾਂ ਸਾਧਨਾਂ ਦੀ ਕੋਈ ਲੋੜ ਨਾ ਰਹੇਗੀ, ਸਾਰੇ ਜੀਵ

ਪਰਮ ਪਦ ਮੁਕਤੀ ਨੂੰ ਪ੍ਰਾਪਤ ਹੋਵਣਗੇ ॥

ਨਾਰਦ ਸ਼ੰਕਾ:-

ਏਤਨੀ ਗੱਲ ਸੁਣ ਕੇ ਨਾਰਦ ਨੇ ਸ਼ੰਕਾ ਕੀਤੀ ਕਿ ਹੇ ਭਗਵਨ! ਜਦੋਂ ਸਾਰੇ ਪ੍ਰਾਣੀ ਭਜਨ ਕਰਕੇ ਮੁਕਤੀ ਨੂੰ ਪ੍ਰਾਪਤ ਹੋ ਜਾਵਨਗੇ ਤਦ ਸੰਸਾਰ ਵਿਚ ਜੀਵਾਂ ਦਾ ਅਭਾਵ (ਖਾਤਮਾ) ਹੋ ਜਾਵੇਗਾ ਅਤੇ ਨਰਕ ਆਦਿਕ ਸਾਰੇ ਬਿਅਰਥ ਹੋ ਜਾਵਨਗੇ ?

ਬ੍ਰਹਮਾਂ ਜੀਨੇ ਉੱਤਰ ਦਿਤਾ ਕਿ ਹੇਨਾਰਦ!ਕਲਿਯੁਗ ਵਿਚ ਇਕ ਐਸੀ ਚੀਜ਼ ਬਹੁਤ ਹੀ ਹੋਵੇਗੀ ਜਿਸਦਾ ਨਾਮ ਤਮਾਲ ਅਰਥਾਤ ਤਮਾਕੂ ਪ੍ਰਸਿੱਧ ਹੋਵੇਗਾ (ਸਾਡੇ ਬਹੁਤ ਸਾਰੇ ਨਰਕ ਅਧਿਕਾਰੀ ਬਿਖਿਆ(ਤੰਬਾਕੂ) ਪਾਨ ਕਰਤਾ ਸੱਜਨ ਪ੍ਰਸ਼ਨ ਕਰਦੇ ਹਨ ਕਿ ਤਮਾਲ ਤੰਬਾਕੂ ਨੂੰ ਨਹੀਂ ਆਖਦੇ, ਤਮਾਲ ਇਕ ਹੋਰ ਦਰਖਤ ਹੈ। ਉਹਨਾ ਸੱਜਨਾਂ ਨੂੰ ਅਸੀ ਉਤਰ ਦੇਂਦੇ ਹਾਂ ਕਿ ਇਹ ਨਹੀਂ ਕਿ ਜੋ ਕ੍ਰਿਤਮ (ਬਣਾਵਟੀ) ਨਾਮ ਇਕ ਚੀਜ ਦਾ ਹੋਵੇ ਓਹ ਦੂਜੀ ਦਾ ਨਹੀਂ ਹੋ ਸਕਦਾ, ਜੇਹਾ ਕਿ ਕੋਈ ਆਦਮੀ ਕਿਸੇ ਰਾਮ ਚੰਦ ਨਾਮ ਵਾਲੇ ਨੂੰ ਅਵਾਜ ਮਾਰੇ ਤਾਂ ਆਪ ਇਹ ਨਹੀਂ ਆਖ ਸਕਦੇ ਕਿ ਇਸਨੇ ਸਾਰੇ ਰਮੇ ਹੋਏ ਰਾਮ ਪਰਮਾਤਮਾ ਨੂੰ ਅਵਾਜ਼ ਮਾਰੀ ਹੈ, ਏਸੇ ਤਰਾਂ ਕੋਈ ਆਦਮੀ ਮਾਲਾ ਲੈਕੇ ਹਰ ਭਜਨ ਕਰਦਾ ਹੋਵੇ ਤਾਂ ਉਸਨੂੰ ਆਪ ਕਹੋ ਕਿ ਬਾਂਦਰ ਦਾ ਭਜਨ ਕਰਦਾ ਹੈ ਤਾਂ ਠੀਕ ਨਹੀਂ, ਕਿਉਂਕਿ ਇਕ ਬਣਾਵਟੀ ਨਾਮ ਬਹੁਤੀਆਂ ਚੀਜਾਂ ਦਾ ਹੁੰਦਾਹੇ ਏਸੇ ਤਰਾਂ ਏਥੇ ਤਮਾਲ ਦਾ ਭਾਵ ਤੰਬਾਕੂ ਹੈ) ਜੇਹੜਾ ਇਸਦਾ ਸੇਵਨ ਕਰੇਗਾ ਭਾਵੇਂ ਰਿਖੀ ਹੋਵੇ ਭਾਵੇਂ ਬ੍ਰਾਹਮਨ ਮੁਨੀ

ਚਾਰਵਰਨ ਚਾਰਆਸ਼੍ਰਮਾਂ ਵਿਚੋਂ ਭਾਵੇਂ ਕੋਈ ਹੋਵੇ ਇਕ ਤਮਾਲ ਅਰਥਾਤ ਤੰਬਾਕੂ ਦਾ ਸੇਵਨ ਕਰਨ ਕਰਕੇ ਸਾਰੀ ਉਮਰ ਦੇ ਤੀਰਥ ਅਸ਼ਨਾਨ ਜਪ, ਤਪ, ਯੋਗ, ਅਭਿਆਸ ਦਾਨ ਆਦਿਕ ਸਾਰੇ ਬਿਅਰਥ ਹੋ ਜਾਨਗੇ, ਅਤੇ ਉਸ ਪਾਪ ਕਰਕੇ (ਤੰਬਾਕੂ ਸੇਵਨ ਤੋਂ) ਉਹ ਨਰਕ ਨੂੰ ਪ੍ਰਾਪਤ ਹੋਨਗੇ ਅਤੇ ਜੇਹੜੇ ਉਹਨਾਂ ਨੂੰ ਉਸ "ਭ੍ਰਿਸ਼ਟਾਚਾਰ" ਤੋਂ ਰੋਕਣਗੇ ਉਹਨਾਂ ਨੂੰ ਉਹ ਆਪਣਾਂ ਸ਼ਤ੍ਰ ਸਮਝਨਗੇ ਅਰ ਉਸਨੂੰ ਨਾ ਛਡਨ ਦਾ ਹਠ ਕਰਨਗੇ ਮੈਂ ਜਨੋਂ। ਉਹ ਦਿਨ ਹੁਣ ਆ ਗਿਆ ਹੈ ਅਤੇ ਜੋ ਬ੍ਰਹਮਾ ਜੀ ਨੇ ਆਪਣੇ ਪਿਆਰੇ ਪੁਤ੍ਰ ਨਾਰਦ ਜੀ ਨੂੰ ਕਿਹਾ ਸੀ ਉਹ ਵੇਲਾ ਹੁਣ ਪਰਤਖ ਦੇਖਣ ਵਿਚ ਆਂਵਦਾ ਹੈ, ਤੁਸੀਂ ਚੰਗੀ ਤਰਾਂ ਜਾਣਦੇ ਹੋਵੋਗੇ ਕਿ ਜਿਸਨੂੰ ਮਨ੍ਹਾਂ ਕੀਤਾ ਜਾਵੇ ਉਹ ਜਾਨ ਦਾ ਦੁਸ਼ਮਨ ਬਣਜਾਂਦਾਹੈ, ਬਹੁਤਾ ਅਫਸੋਸ ਤਾਂ ਏਹ ਹੈ ਕਿ ਜੇਹੜੇ ਵਿਦ੍ਵਾਨ ਪੰਡਤ ਯਾ ਸਿਰ ਕਟੇ ਮਹਾਤਮਾ ਸਾਧੂ ਕਹਾਂਵਦੇ ਹਨ ਉਹਨਾਂ ਬਹੁਤਿਆਂ ਦੇ ਪਾਸ ਇਕ ਇਕ ਅੰਗੀਠੀ ਅਗ ਦੀ ਅਤੇ ਇਕ ਇਕ ਬਲਗਮ ਨਾਲ ਭਰੀ ਹੋਈ ਖਾਕ ਦੀ ਅੰਗੀਠੀ ਜ਼ਰੂਰ ਹੋਵੇਗੀ, ਚਿਲਮ ਅਤੇ ਤੰਬਾਕੂ ਦਾ ਵਿਛੋੜਾ ਤਾਂ ਉਹ ਇਕ ਖਿਨ ਭਰ ਵੀ ਨਹੀਂ ਸਹਾਰ ਸਕਦੇ ਅਰ ਬਸਤਰ ਸੜੇ ਹੋਏ ਹਥ ਦੀ ਹਥੇਲੀ ਵਿਚ ਇਕ ਪੀਲੇ ਰੰਗ ਦਾ ਚਟਾਕ ਪਿਆ ਹੋਇਆ ਹੁੰਦਾ ਹੈ ਜਿਸ ਤਰਾਂ ਸਮੇਂ ਦੇ ਹਾਕਮ ਵੱਜੇ ਹੋਏ ਬੈਂਤਾਂ ਦੇ ਨਿਸ਼ਾਨ ਵੇਖ ਕਰ ਝਟ ਹੀ ਪਛਾਨ ਲੈਂਦੇ ਹਨ ਕਿ ਏਹ ਆਦਮੀ ਬਦਮਾਸ਼ ਹੈ, ਏਸੇ ਤਰਾਂ ਆਪ ਭੀ ਹਥ ਵਿਚ ਪੀਲੇ ਰੰਗ ਦਾ ਚਟਾਕ

ਦੇਖਕੇ ਸਮਝ ਲਵੋਗੇ ਕਿ ਏਹ ਓਹ ਪਾਪੀ ਆਤਮਘਾਤੀ ਪ੍ਰੇਤ ਪਦਵੀ ਸੰਪਾਦਕ ਹੈ ਜਿਸਦੀ ਬਾਬਤ ਬ੍ਰਹਮਾ ਜੀ ਨੇ ਸਕੰਧ ਪੁਰਾਨ ਦੇ ਮਥੁਰਾ ਖੰਡ ਬਵਿੰਜਵੇਂ ਅਧਯਾ ਵਿਚ ਕਥਨ ਕੀਤਾ ਹੈ। ਹੁਣ ਮੈਂ ਐਨ ਸਲੋਕ ਸਕੰਧ ਪੁਰਾਨ ਦੇ ਉਪਰ ਲਿਖੇ ਅਧਯਾ ਵਿਚੋਂ ਨਿਕਾਲ ਕਰਕੇ ਆਪਣੀ ਬੋਲੀ ਵਿਚ ਅਰਥ ਬਣਾਕੇ ਆਪਦੀ ਦ੍ਰਿਸ਼ਟੀ ਗੋਚਰ ਕਰਦਾ ਹਾਂ ਆਪ ਇਸ ਨੂੰ ਪੜ੍ਹੋ ਅਰ ਵਿਚਾਰੋ ਅਤੇ ਏਸ ਤੋਂ ਅਗਲੀ ਛਾਪੀ ਹੋਈ ਪੁਸਤਕ ਵਿਚ (੧) ਤੰਬਾਕੂ ਦੀ ਉਤਪਤੀ (੨) ਹਰ ਇਕ ਮਤ ਵਾਸਤੇ ਨਿੰਦਤ (੩) ਬਹੁਤੇ ਸਿਆਣਿਆਂ ਦੀ ਵਲੋਂ ਖੰਡਨ (੪) ਇਸਦੀ ਸਭ ਸ਼ਰਾਬ ਵਰਗਿਆਂ ਤੋਂ ਵਧ ਨਿੰਦਾ ਕਿਉਂ ਹੈ (੫) ਇਕ ਬੂਟੀ ਦੇ ਪੀਵਨ ਨਾਲ ਆਦਮੀ ਨਰਕ ਨੂੰ ਕਿਸ ਤਰਹਾਂ ਜਾ ਸਕਦਾ ਹੈ? ਅਜੇਹੀਆਂ ਬਾਤਾਂ ਦੇ ਉਤਰ ਵਿਸਥਾਰ ਨਾਲ ਲਿਖਕੇ ਆਪਦੀ ਭੇਟਾ ਕੀਤੇ ਜਾਵਨਗੇ॥

ਦਾਸ ਨੂੰ ਆਸ਼ਾ ਹੈ ਕਿ ਆਪ ਏਸ ਨੂੰ ਪੜ੍ਹ ਕਰਕੇ ਅਗਯਾਨ ਭਾਈਆਂ ਨੂੰ ਸ਼ੁਭ ਪੰਥ ਪਰ ਚਲਾਵਨ ਦਾ ਯਤਨ ਕਰੋਗੇ ਜਿਸ ਤੋਂ ਦਾਸ ਦੀ ਮੇਹਨਤ ਸਫਲੀ ਹੋਵੇਗੀ॥

ਪ੍ਰਾਰਥਕ ਸਰਬੱਤ ਖਾਲਸੇ ਜੀ ਦਾ ਸੇਵਕ:—

ਮੋਹਨ ਸਿੰਘ ਵੈਦ,

ਮਾਲਕ ਆਯੁਰ ਵੇਦੀਯ ਖ਼ਾਲਸਾ ਔਸ਼ਧਾਲਯ

ਤਰਨ ਤਾਰਨ (ਪੰਜਾਬ)

੧ਓ ਸਤਿਗੁਰਪ੍ਰਸਾਦਿ ॥

ਇਸ ਤੋਂ ਅਗੇ ਤੰਬਾਕੂ ਦੇ ਪੀਵਨ ਦਾ ਖੰਡਨ ਸਕੰਧ ਪੁਰਾਣ ਦੇ ਮਥੁਰਾ ਖੰਡ ਬਵਿੰਜਵੇਂ ਅਧਯਾ ਵਿਚੋਂ ਜੋ ਬ੍ਰਹਮਾ ਅਤੇ ਨਾਰਦ ਦਾ ਸੰਬਾਦ ਕਿਹਾ ਜਾਂਦਾ ਹੈ ਭਾਸ਼ਾ ਵਿਚ ਅਰਥ ਕਰਕੇ ਲਿਖਦਾ ਹਾਂ ॥

ਸ੍ਰੀ ਗੁਰੂ ਨਾਨਕ ਦੇਵ ਜੀ ਪੂਰਨ ਬ੍ਰਹਮ ਅਵਤਾਰ ।
ਧਾਰ ਧਰਾ ਪਰ ਰੂਪ ਦਸ ਕੀਨੋ ਜਗਤ ਉਧਾਰ ॥

ਭਾਰਤ ਜਬ ਆਰਤ ਭੌ ਅਤਿ ਸੋਂ ਦੁਖਾਰਤ ਭਇਆ ਰਹਾ ਨਾ ਸਹਾਇ ਕੋਊ ਵਿਸ਼ਨ ਬਿਸ਼ਨ ਦੇਵਤਾ। ਕੋਈ ਰਣ ਛੋਡ ਗਏ ਖਹੇ ਪਰਵਸ਼ ਭਏ ਦੁਖੀਓਂ ਕਾ ਸੁਧ ਫਿਰ ਕੌਨ ਆਇ ਲੇਵਤਾ ਨਿਆਇ ਪ੍ਰੀਤ ਦੂਰ ਭਈ ਬਾਤਸ਼ਾਹੀ ਅੱਤ ਭਈ ਜਾਰਕ ਰਹੀ ਹਿੰਦ ਕੌਮ ਕੌਨ ਆਇ ਸੇਵਤਾ। ਭਏ ਅਵਤਾਰ ਹੇਤ ਜਗਤ ਕੇ ਉਧਾ। ਦਸਮ ਗੁਰੂ ਮਹਾਰਾਜ ਪੰਥ ਖਾਲਸਾ ਰਜੇਵਤਾ ॥ ੨ ॥ ॥
ਛਪਿਓ ਅਕਿਰਤਘਨ ਖਾਲਸਾ ਪੁਨ ਹਿੰਦੂ ਹੈਂ ਜੋਇ ।
ਹੋਵਤ ਗੁਰੂ ਨਾਂ ਜਗਤ ਮੈਂ ਦੀਖਤ ਹਿੰਦ ਨਾ ਕੋਇ ॥ ੩ ॥
ਗੁਰ ਹਮਰ ਰਖਯਕ ਸਦਾ ਮਾਲਕ ਅਰ ਸਿਰਤਾਜ ।
ਅਸਟ ਅੰਗ ਸਹਿ ਬੰਦਨਾ ਤਾਂਹਿ ਪਦਮ ਪਦ ਸਾਜ ॥ ੪ ॥
ਬਹੁਤ ਸ੍ਰਜਨ ਉਦਯੋਗ ਤੇ ਪੁਨ ਕਿਰਪਾ ਤਿਨ ਪਾਇ।
ਨਿੰਦਤ ਭ੍ਰਸ਼ਟਾ ਛਾਰ ਕੀ ਭਾਸ਼ਾ ਰਚੋਂ ਬਨਾਇ ॥ ੫ ॥

ਮੂਲ ਸਲੋਕ ਸ਼ੂਦ੍ਰਾਂਨੇਂਨਚ ਭੁਕ੍ਤੇਨ ਬ੍ਰਾਹਮਣੋਂ ਮ੍ਰਿਯਤੇ ਯਦਿ। ਤੇ ਨੈਵ ਹਯੁਦਰ ਸਥੇਨਸ ਪ੍ਰੇਤੋ ਜਾਯਤੇ ਨਰਃ ॥੧॥ ਅਰਥ–ਨੀਚ ਜਾਤ ਦੇ ਪੁਰਸ਼ ਦਾ ਅੰਨ ਆਦਿਕ ਖਾ ਕਰਕੇ ਜੇ ਬ੍ਰਾਹਮਨ ਮਰ ਜਾਵੇ ਅਤੇ ਓਹ ਸ਼ੂਦ੍ਰ ਦਾ ਅੰਨ ਅਜੇ ਉਸਦੇ ਪੇਟ ਵਿਚ ਹੀ ਹੋਵੇ ਤਾਂ ਓਹ ਬ੍ਰਾਹਮਨ ਪ੍ਰੇਤ ਹੋ ਜਾਂਦਾ ਹੈ ॥

ਇਸਦਾ ਭਾਵ ਏਹ ਹੈ ਕਿ ਵਡੇ ਪੁਰਸ਼ਾਂ ਦਾ ਧਰਮ ਹੈ ਕਿ ਛੋਟਿਆਂ ਨੂੰ ਦੁਖ ਨਾ ਦੇਵਨ ਅਤੇ ਜੋ ਹੀਣਿਆਂ ਨੂੰ ਕਲੇਸ਼ ਦੇਂਦੇ ਹਨ ਸੋ ਸਾਈਂ ਦਰਗਾਹ ਵਿਚ ਕਬੂਲ ਨਹੀਂ ਹੁੰਦੇ, ਏਸੇ ਤਰਾਂ ਬ੍ਰਾਹਮਣਾਂ ਨੂੰ ਨੀਚ ਪੁਰਸ਼ਾਂ ਤੋਂ ਦਾਨ ਨਹੀਂ ਲੈਣਾ ਚਾਹੀਦਾ, ਕਿਉਂਕਿ ਓਹ ਵਿਚਾਰੇ ਮਸਾਂ ਆਪਣੀ ਰੋਟੀ ਦਾ ਗੁਜ਼ਾਰਾ ਹੀ ਤੋਰ ਸਕਦੇ ਹਨ, ਪਰ ਸ਼ੋਕ ਹੈ ਕਿ ਬਹੁਤ ਲੋਕਾਂ ਨੇ ਲੋਭ ਤੇ ਕਪਟ ਹੀ ਆਪਣਾ ਧਰਮ ਜਾਨ ਲੀਤਾ ਹੈ ॥

ਮੂਲ ਦੇਵਸ੍ਵੰ ਬ੍ਰਾਹਮਣ ਸ੍ਵੰਚਗੁਰ ਦ੍ਰਬਜੰ ਹਰੇਤੁਯਃ॥ ਕੰਨਯਾ ਦਵਾਤਿ ਸ਼ੁਕਲੇਨਸ ਪ੍ਰੇਤੋ ਜਾਯਤੇ ਨਰਃ॥੨॥ ਅਰਥ–ਰਾਜਾ ਬ੍ਰਾਹਮਨ, ਅਤੇ ਗੁਰੂ (ਵਡਿਆਂ) ਦਾ ਜੋ ਧਨ ਚੁਰਾਂਵਦਾ ਜਾਂ ਕਪਟ ਕਰਕੇ ਲੈਂਦਾ ਹੈ ਅਥਵਾ ਜੋ ਪੁਰਖ ਲੜਕੀ ਦਾ ਮੁਲ ਵੱਟਦਾ ਹੈ ਸੋ ਭੀ ਪ੍ਰੇਤ ਹੁੰਦਾ ਹੈ ॥

ਭਾਵ–ਇਸਦਾ ਭਾਵ ਏਹ ਹੈ ਕਿ ਵਡਿਆਂ ਨੂੰ ਕਿਸੇ ਪਰਕਾਰ ਦਾ ਕਲੇਸ਼ ਨਹੀਂ ਦੇਣਾ ਚਾਹੀਦਾ ਅਤੇ ਨਾਂ ਹੀ ਓਹਨਾਂ ਨਾਲ ਕੋਈ ਕਪਟ ਕਰਨਾ ਚਾਹੀਦਾ ਹੈ, ਜੋ ਕਰਦੇ ਹਨ ਸਦਾ ਦੁਖੀ ਰਹਿੰਦੇ ਹਨ ਏਸੇ ਤਰਾਂ ਕੁੜੀਆਂ ਵੇਚਣ ਵਾਲੇ ਨੀਚ ਹਨ, ਸ਼ੋਕ ਹੈ ਕਿ ਅਜ ਕਲ ਬ੍ਰਾਹਮਨ ਲੋਗ

ਜੋ ਵਡੇ ਮੰਨੇ ਜਾਂਦੇ ਹਨ ਸੋ ਇਸ ਪਾਪ ਕਰਮ ਅਰਥਾਤ ਕੁੜੀਆਂ ਦੇ ਸੌਦੇ ਕਰਵੌਨ ਵਿਚ ਵਧਕੇ ਹਿਸਾ ਲੈਂਦੇਹਨ ਜਿਸਦਾ ਪੂਰਾ ਪੂਰਾ ਹਾਲ ਮਨਮਤ ਪ੍ਰਹਾਰ ਨੰਬਰ੩(ਬ੍ਰਿਧ ਵਿਵਾਹ ਦੁਰਦਸ਼ਾ ਨਾਟਕ) ਵਿਚ ਚੰਗਾ ਦੱਸਿਆ ਹੈ॥

ਮੂਲ ਧੂਮ੍ਰਪਾਂਨੇਨ ਭੋਪ੍ਰੇਤਾਪ੍ਰੇਤੋਂਨ੍ਹੈਵਜਾਯਤੇ। ਕਲੌਤੁ ਕਲਿ ਰੂਪੰਹਿਤ ਮਾਲਮੇਵ ਜਾਯਤੇ॥ ੩॥

ਅਰਥ-(ਪਿਛੇ ਕਹੇ ਕਰਮਾਂ ਕਰਕੇ ਜੋ ਪਰੇਤ ਮੰਨੇ ਹਨ ਓਹ ਤਾਂ ਸ਼ੁਭ ਕਰਮ ਕਰਕੇ ਪ੍ਰੇਤ ਪਦਵੀ ਤੋਂ ਛੁਟ-ਕਾਰਾ ਪਾ ਲੇਨ ਤਾਂ ਪਾ ਹੀ ਲੇਨ)ਪਰ ਧੂਮ੍ਰਪਾਨ ਅਰਥਾਤ ਤੰਬਾਕੂ ਦੇ ਪੀਵਨ ਕਰਕੇ ਜੋ ਪ੍ਰੇਤ ਪਦਵੀਨੂੰ ਪ੍ਰਾਪਤ ਹੋਯਾ ਹੈ ਸੋ ਤਿਸਦੇ ਕਰਕੇ ਪ੍ਰੇਤ ਹੀ ਰਹੇਗਾ, ਕਲਿਯੁਗਵਿਚ ਪਾਪਾਂ ਦਾ ਰੂਪ ਤੰਬਾਕੂ ਹੀ ਉਤਪੰਨ ਹੋਵੇਗਾ॥ ੩॥

ਮੂਲ ਧੂਮ੍ਰਪਾਨਸਜ ਮਾਤ੍ਰੇਣ ਸੂਰਵਦਾਨਾਦਿਕਾ ਕ੍ਰਿਯਾਃ। ਬਿਥੇਵ ਜਾਯਤੇ ਪ੍ਰੇਤਾਃ ਯਥਾ ਕੁੰਚਰ ਸੌਚ ਵਤ॥

ਅਰਥ-(ਕੇਵਲ ਇਕ) ਤੰਬਾਕੂ ਦੇ ਹੀ ਪੀਵਨ (ਵਰ-ਤਨ) ਕਰਕੇ ਸਭ ਦਾਨ ਆਦਿਕ ਕਰਮ ਬਿਅਰਥ ਜਾਂਦੇ ਹਨ ਜਿਸਤਰਾਂ ਹਾਥੀ ਦਾ ਅਸ਼ਨਾਨ ਕੀਤਾ ਬਿਅਰਥ ਹੁੰਦਾ ਹੈ (ਹਾਥੀ ਅਸ਼ਨਾਨ ਕਰਕੇ ਮਗਰੋਂ ਆਪਣੇ ਉਪਰ ਆਪ ਹੀ ਸੁੰਡ ਨਾਲ ਮਿਟੀ ਪਾ ਲੈਂਦਾ ਹੈ)॥

ਭਾਵ-ਇਸਦਾ ਭਾਵ ਏਹ ਹੈ ਕਿ ਤੰਬਾਕੂ ਇਕ ਐਸਾ ਬੁਰਾ ਅਮਲ ਹੈ ਕਿ ਇਸਦੇ ਲਾਲਚ ਵਿਚ ਲਗਕੇ ਆਦਮੀ ਆਪਣੇ ਵਡੇ ਵਡੇ ਨੁਕਸਾਨ ਕਰ ਲੈਂਦੇ ਹਨ, ਇਸਦੀ ਗਫਲਤ ਵਿਚ ਕਈਆਂ ਨੇ ਕਈ ਮਕਾਨ ਖਾਕ ਕਰ ਦਿਤੇ, ਕਿਤਨਿਆਂ ਨੇ ਸਣੇ ਆਪਣੇ ਘਰ੍ਹਿਆਂ ਤੇ

ਲਾਂਭ ਚਾਂਭ ਦੇ ਘਰ ਤੇ ਟੱਬਰ ਸਵਾਹ ਕਰ ਦਿਤੇ ਹਨ, ਜੇਹਾ ਕਿ ਸੰਮਤ ੧੯੫੩ ਬਿਕ੍ਰਮੀ ਜੇਠ ਦਿਨ ੧੯ ਖਾਲਸਾ ਅਖਬਾਰ ਵਿਚ ਲਿਖਿਆ ਸੀ ਕਿ "ਮਹਿੰਦ੍ਰ ਗੜ੍ਹ ਰਿਆ-ਸਤ ਪਟਿਆਲਾ ਵਿਚ ਹੁੱਕੇ ਹੀ ਦੇ ਕਾਰਨ ਅਗ ਫੈਲਕੇ ੧੦੦ ਸੌ ਘਰ ਦੇ ਕਰੀਬ ਖਾਕ ਹੋਗਏ ॥"

ਮੂਲ ਘੋਰੇ ਕਲਿਯੁਗੇ ਪ੍ਰਾਪਤੇ ਸਰਵੇ ਵਰਣਾ ਸ੍ਰਮਾਃ ਨਰਾਃ ॥ ਨਰਕੇਖੁ ਪਤਿਖਜੰਤਿ ਤਮਾਲ ਸੇਜਚ ਪਾਨਤਃ ॥ ੫ ॥

ਅਰਥ—ਬਹੁਤ ਪਾਪਾਂ ਦੇ ਸਮੇਂ ਵਿਚ ਸਾਰੇ ਵਰਨ ਆਸ਼੍ਰਮਾਂ ਦੇ ਮਨੁਖ ਨਰਕਾਂ ਵਿਚ ਪੈਣਗੇ ਤੰਬਾਕੂ ਦਾ ਸੇਵਨ ਕਰਨ ਕਰਕੇ ॥ ੬ ॥

ਭਾਵ—ਇਸਦਾ ਭਾਵ ਏਹ ਹੈ ਕਿ ਕਲਯੁਗ ਵਿਚ ਜੋ ਕਹਿੰਦੇ ਹਨ ਬਹੁਤ ਪਾਪੀ ਪੁਰਸ਼ ਹੋਵਨਗੇ ਸੋ ਸਭਤੋਂ ਵਧ ਕ ਪਾਪੀ ਨਰਕ ਅਧਿਕਾਰੀ ਤੰਬਾਕੂ ਦੇ ਸੇਵਨ ਵਾਲੇ ਮਨੁਖ ਹੀ ਹੋਣਗੇ ॥

ਮੂਲ ਉਪਾ ਸੇਤੇ ਤਮਾਲੰ ਵੈਕਲੌਤ ਪੁਰਖਾਧਮਾਃ । ਖਛੀਣ ਪੁੰਨਯਾ ਪਤਿਖਜੰਤਿ ਮਹਾਂ ਰੌਰਵ ਰਿਗਯਕੇ ॥ ੬ ॥

ਅਰਥ—ਜੋ ਕਲਯੁਗੀ ਨੀਚ ਪੁਰਸ਼ ਤੰਬਾਕੂ ਦਾ ਸੇਵਨ ਕਰਦੇ ਹਨ ਓਹਨਾਂ ਦੇ ਸਾਰੇ ਪੁੰਨ ਨਸ਼ਟ ਹੋਕਰ ਰੌਰਵ ਨਰਕ ਵਿਚ ਪੈਂਦੇ ਹਨ, ਜਿਥੇ ਗੁਰੂ ਨਾਮ ਜੀਵ (ਕੀੜੇ) ਪਾਪੀ ਪੁਰਸ਼ਾਂ ਨੂੰ ਕਟਦੇ ਹਨ ॥ ੬ ॥

ਮੂਲ ਅਭੱਖਜ ਭਖਣਾਤ ਪਾਪਮਗਮਯਾਗਮਣੰ-ਵਯਤਃ । ਮਦਯ ਪਾਨਾਤ ਚਯਤ ਪਾਪੰ ਧੂਮ੍ਰ

ਪਾਨ ਸਯਮਾਤ੍ਰਤ ॥ ੭॥

ਅਰਥ—ਗਊ ਆਦਿਕ ਦਾ ਮਾਸ ਜਾਂ ਵਿਸਟਾ ਆਦਿਕ ਖਾਣ ਕਰਕੇ ਅਥਵਾ ਭੈਣ, ਭੂਆ ਮਾਤਾ ਧੀ ਆਦਿਕ, ਸੋਂ ਭੋਗ ਕਰਨੇ ਕਰ ਸ਼ਰਾਬ ਆਦਿਕ ਪੀਣੇ ਤੇ ਜੋ ਪਾਪ ਲਗਦਾ ਹੈ ਸੋ ਸਾਰਿਆਂ ਜਿਤਨਾ ਪਾਪ ਤੰਬਾਕੂ ਪੀਵਨ ਤੇ ਲਗਦਾ ਹੈ ॥ ੭ ॥

ਮੂਲ ਸ੍ਰਾਤਾਏ ਸ੍ਵਰਤੀਰਥੇਖੁਪ੍ਰਯਾਗਾਦਿਖੁਕੋਟਿਸ਼ਾ ।
ਬ੍ਰਿਥੇਵਤਾਨਿਸਰਵਾਣਿਧੂਮ੍ਰ ਪਾਨਵਯ ਮਾਤ੍ਰਤ॥

ਅਰਥ—ਤੰਬਾਕੂ ਪੀਣ ਕਰਕੇ ਪੁਰਸ਼ਾਂ ਦੇ ਪ੍ਰਯਾਗ ਆਦਿਕ ਕਰੋੜਾਂ ਹੀ ਤੀਰਥਾਂ ਵਿਚ ਅਸ਼ਨਾਨ ਕੀਤੇ ਹੋਏ ਨਸ਼ਟ ਹੋ ਜਾਂਦੇ ਹਨ ॥ ੮ ॥

ਮੂਲ ਬ੍ਰਹਮਣਾਪਿ ਸਮਾਖਯਾਤੰ ਨਾਰਦਾਯ ਮਹਾਤਮਨੇ।
ਨਾਰਦਾਤ੍ਰਨ ਸੰਦੇਹੋ ਸਤਯੰਸਤਯੰ ਮਯੋਦਿਤੰ ॥ ੯

ਅਰਥ—ਬ੍ਰਹਮਾਂ ਜੀ ਕਹਿੰਦੇ ਹਨ ਹੇ ਨਾਰਦ । ਏਹ ਜੋ ਕੁਝ ਮੈਨੇ ਉਪਰ ਕਿਹਾ ਹੈ ਸੋ ਸਤ ਕਰਕੇ ਜਾਣ, ਇਸ ਵਿਚ ਜਰਾ ਭੀ ਸ਼ੱਕ ਨਹੀਂ ॥ ੯ ॥

ਮੂਲ ਪੀਤੰਯੇਨ ਤਮਾਲੰ ਵੈਨਰੇਣ ਭੁਵਿ ਨਾਰਦਾ।
ਤਤਸ੍ਰੇਨ ਕ੍ਰਿਤੰ ਦੇਹਸ੍ਰ ਜਨਮ ਮਲੇਛ ਸੰਭਵੰ ॥

ਅਰਥ—(ਬ੍ਰਹਮਾ ਜੀ ਕਹਿੰਦੇ ਹਨ) ਹੇ ਨਾਰਦ । ਜੋ ਪੁਰਸ਼ ਜਗਤ ਵਿਚ ਤੰਬਾਕੂ ਨੂੰ ਪੀਂਦਾ ਹੈ ਤਿਸਦਾ ਜਨਮ ਜਾਨੋ ਕਿ ਮਲੇਛ ਹੈ ਅਰਥਾਤ ਓਹ ਨੀਚ ਦਾ ਪੁਤ੍ਰ ਧੀ ਜਾਨਣਾ ਚਾਹੀਦਾ ਹੈ ॥ ੧੦ ॥

ਮੂਲ ਬ੍ਰਤਾਨਿ ਨਿਯਮਸ੍ਰੈਵ ਯਮਾਸ੍ਰੈਵ ਮਹਾਮਤੇ।
ਬ੍ਰਿਥੈਵਤਾਨਿ ਸ੍ਰਬਾਣਿ ਧੂਮ੍ਰਪਾਨਸਜ ਮਾਤ੍ਰਤ॥

ਅਰਥ–ਸੰਪੂਰਨ ਬ੍ਰਤ,ਯਮ(੧ ਚੋਰੀ ਨਾਂ ਕਰਨਾ ੨ਜੀਵ ਨਾ ਮਾਰਨਾ,੩ ਸਤਜ ਧਾਰਨਾਂ ੪ ਬ੍ਰਹਮਚਰਯ ੫ ਪਰਗ੍ਰਹਿ ਤਿਆਗ) ਨਿਯਮ (੧ ਸ਼ੌਚ ੨ ਸੰਤੋਖ ੩ ਤਪ ੪ ਸ੍ਵਾਧ-ਯਾਯ ੫ ਈਸ਼ਵਰ ਪਰਣੀ ਧਾਨ) ਤੰਬਾਕੂ ਪੀਣ ਵਾਲੇ ਪੁਰਸ਼ ਦੇ ਬਿਅਰਥ ਜਾਂਦੇ ਹਨ ॥ ੧੧ ॥

ਮੂਲ ਕ੍ਰਿਯੋਗੇਨ ਗਯਾਨੇਨ ਵੇਦੇਨ ਪਿਤ੍ਰ ਦੇਵਤੈਃ।
ਕਿਂਵਿਵੇਕੇਨ ਮੌਨੇਨ ਤਮਾਲੰ ਚੇਤ ਪਵੇਨ੍ਰਰਃ॥

ਅਰਥ–ਯੋਗ ਗਿਆਨ ਵੇਦ ਪਾਠ ਪਿਤ੍ਰ ਜਾਂ ਦੇਵ-ਤਿਆਂ ਦੀ ਸੇਵਾ ਵਿਚਾਰ ਅਤੇ ਮੌਨ ਕੀ ਹਨ ਤਿਸਦੇ ਅਰਥਾਤ ਨਿਸਫਲ ਹਨ ਜੋ ਤੰਬਾਕੂ ਨੂੰ ਪੀਂਦਾ ਹੈ ॥੧੨ ॥

ਮੂਲ ਸੰਨਯਾਸੇਨਚ ਕਿੰਤਸਯ ਗ੍ਰਹਸਥੇ ਨਾਪਿ ਕਿੰ ਪੁਨਃ। ਪੀਤੰਯੇਨ ਤਮਾਲੰ ਵੈਸ੍ਵਪਚਾਦਧ ਮੋਂਹਿਸਃ ॥ ੧੩ ॥

ਅਰਥ–ਕੀ ਹੈ ਸੰਨਿਆਸ ਅਤੇ ਗ੍ਰਹਸਥ ਤਿਸਦਾ ਅਰ-ਥਾਤ ਨਿਸਫਲ ਹਨ ਇਤ ਆਦਿਕ ਧਰਮ ਕੀਤੇ ਹੋਏ ਉਸ ਪੁਰਸ਼ ਦੇ ਜੋ ਤੰਬਾਕੂ ਨੂੰ ਪੀਂਦਾ ਹੈ ਸੋ ਨੀਚਾਂ ਤੋਂ ਭੀ ਮਹਾਂ ਨੀਚ ਹੈ ॥ ੧੩ ॥

ਮੂਲ ਬ੍ਰਹਮ ਚਰਯੇਣ ਕਿੰਤਸਯ ਗ੍ਰਹਸਥੇਨਾਪਿ ਕਿੰਪੁਨਃ। ਬਾਨ ਪ੍ਰਸਥੇਨ ਕਿੰਤਸਜ ਸੰਨਯਾਸੇ ਨਾਪਿ ਕਿੰਪੁਨਃ ॥ ੧੪ ॥

ਬ੍ਰਹਮਣਃ ਖਤ੍ਰਿਯਾਃ ਵੈਸ਼ਯ ਸ਼ੂਦ੍ਰਾਸ੍ਚ ਮੁਨਿਸਤਮ।
ਸਸ੍ਰਿਭ ਸਦ੍ਰਸੋ ਗਯੇਯਃਤਮਾਲੰ ਚੇਤਿਯਸਵਪਚ੍ਹਯਃ॥੧੫

ਅਰਥ–ਕਿਆ ਹੈ ! ਤਿਸਦਾ ਬ੍ਰਹਮ ਚਰਯ ਗ੍ਰਹਸਥ ਬਾਨ ਪ੍ਰਸਥ ਅਤੇ ਸੰਨਜਾਸ ਬ੍ਰਾਹਮਣ, ਖਤ੍ਰੀ, ਵੈਸ਼ਯ

ਸ਼ੂਦ੍ਰ, ਮੁਨੀ ਅਤੇ ਸੱਤ ਪੁਤਾਂ ਕੀ ਹਨ ? ॥ ੧੪ ॥ ਕੁਝ ਭੀ ਨਹੀਂ । ਕੁਤੇ ਦੇ ਸਮਾਨ ਉਸਨੂੰ ਜਾਨਣਾ ਜੋ ਤੰਬਾਕੂ ਨੂੰ ਪੀਂਵਦਾ ਹੈ ॥ ੧੫ ॥

ਮੂਲ ਗ੍ਰਹਸਥਾ ਨੈਵ ਤੇ ਵਿਪ੍ਰਨੈਵ ਬ੍ਰਹਮ ਚਾਰਿਣਾਃ ॥ ਧਰਮ ਭ੍ਰਸ੍ਯਾਹਿ ਤੇ ਗਯੇਯਾਃ ਤਮਾਲ ਸਯਬ ਪਾਨਤਃ ॥ ੧੬ ॥

ਅਰਥ—ਜੋ ਪੁਰਸ਼ ਤੰਬਾਕੂ ਪੀਂਦਾ ਹੈ ਸੋ ਗ੍ਰਹਸਤੀ, ਬ੍ਰਾਹਮਣ, ਬ੍ਰਹਮਚਾਰੀ ਕੁਝ ਭੀ ਨਹੀਂ, ਸੋ ਧਰਮ ਤੋਂ ਭ੍ਰਸ਼ਟ ਜਾਨਣਾ ਚਾਹੀਦਾ ਹੈ ॥ ੧੬ ॥

ਮੂਲ ਪਤੰਤਿ ਨਰਕੇ ਘੋਰੇ ਰੌਰਵੇ ਨਾਤ੍ਰਸੰਸ਼ਯਃ । ਬ੍ਰਿਥਾ ਸੰਧਯਾ ਬ੍ਰਿਥਾ ਗਯਾਨੰ ਬ੍ਰਿਥਾਵੈ ਰਾਗਯਸੇਵਚ ॥ ੧੭ ॥

ਬ੍ਰਿਥਾ ਯੋਗਸ੍ਯ ਵਿਪ੍ਰੇਂਦ੍ਰ ਤਮਾਲੰਯੋ ਉਪਾਸ਼ਤੇ। ਸਤਜੇ ਤ੍ਰੇਤਾ ਦ੍ਵਾਪਰੇਚ ਤ੍ਰਿਯੁਗੇਖੁ ਭਵੇਨਨਹਿ ॥ ੧੮ ॥

ਅਰਥ—ਤੰਬਾਕੂ ਸੇਵਨ ਵਾਲਾ ਪੁਰਸ਼ ਰੌਰਵ ਨਾਮ ਵਾਲੇ ਭਿਆਨਕ ਨਰਕ ਵਿਚ ਪੈਂਦਾ ਹੈ, ਬਿਰਥਾ ਹੈ ਤਿਸਦੀ ਸੰਧਯਾ ਗਿਆਨ ਅਤੇ ਵੈਰਾਗ ॥ ੧੭ ॥

ਨਿਸਫਲ ਹੈ ਤਿਸਦਾ ਯੋਗ ਹੇ ਨਾਰਦ! ਨਹੀਂ ਹੈ ਥੋੜਾ ਭੀ ਸ਼ਕ ਏਸ ਵਿਚ ਸਤਜੁਗ,ਤ੍ਰੇਤਾ,ਅਤੇ ਦੁਵਾਪਰ ਏਹਨਾਂ ਤਿੰਨਾਂ ਯੁਗਾਂ ਵਿਚ ਨਹੀਂ ਹੋਇਆ ॥ ੧੮ ॥

ਮੂਲ ਅਧੁਨੈਵਕਲਿਰਜਾਤਸ੍ਯਃਤਮਾਲ ਨਾਮਤਃ ਸ੍ਵਯੰ- ਨਰਾਂਣਾਂ ਧਰਮ ਨਾਸ਼ਾਯ ਨਰਕੇ ਪਾਤਨਾਯਚ॥

ਅਰਥ—ਹੁਣ ਏਸ ਚੌਥੇ ਕਲਿਯੁਗ ਵਿਚ ਪੈਦਾ ਹੋਇਆ ਹੈ ਤਮਾਲ ਆਪਣੇ ਨਾਮ ਤੇ ਅਰਥਾਤ ਪਾਪ ਦਾ ਰੂਪ

ਪੁਰਸ਼ਾਂ ਦਾ ਧਰਮ ਨਸ਼ਟ ਕਰਕੇ ਨਰਕਾਂ ਵਿਚ ਪਾਵਨ ਵਾਸਤੇ ॥ ੧੯ ॥

ਮੂਲ ਇਹ ਲੋਕੇ ਸ੍ਵਯੰ ਜਾਤਃ ਕਲਿਗਯੇਯਾ ਸਦਾਬੁਧੈਃ। ਵਰਣਾਨਾਂਚ ਵਿਨਾਸ਼ਾਯ ਚਾਸ੍ਰਮ ਧਵੰਸ ਨਾ-ਯਚ ॥ ੨੦ ॥

ਅਰਥ–ਇਸ(ਮਾਤ)ਲੋਕ ਵਿਚ ਪਾਪਾਂ ਦਾ ਰੂਪ ਆਪ ਹੀ (ਤੰਬਾਕੂ) ਪੈਦਾ ਹੋਇਆ ਹੈ ਅਥਵਾ ਕਲਿਯੁਗ ਹੀ ਤੰਬਾਕੂ ਰੂਪ ਬੁਧੀਮਾਨਾ ਨੇ ਜਾਣਿਆ ਹੈ, ਵਰਣਾਂ (ਜੋ ਗੁਣ ਅਤੇ ਕਰਮਾਂ ਦੇ ਸੰਯੋਗ ਕਰਕੇ ਚਾਰ ਪਰਕਾਰ ਦੀ ਸੰਗਜਾ ਹੁੰਦੀ ਹੈ) ਨੂੰ ਨਸ਼ਟ ਕਰਨ ਵਾਸਤੇ ਅਤੇ ਆਸ਼ਰਮ (ਜੋ ਸਦਾਵਿਦਜਾ ਆਦਿਕ ਸ੍ਰੇਸ਼ਟ ਗੁਣਾਂ ਦਾ ਗ੍ਰਹਣ ਤਥਾ ਭਲੇ ਕੰਮ ਕੀਤੇ ਜਾਵਨ ਆਪਣੇ ਧਰਮ ਅਨੁਸਾਰ ਯਥਾ ਬ੍ਰਹਮਚਰਯ ਆਦਿਕ) ਨਸ਼ਟ ਕਰਨ ਵਾਸਤੇ ॥ ੨੦ ॥

ਮੂਲ ਮਲੇਛ ਧਰਮਵਿਧਾਨਾਯ ਜੀਵਸਯਮੋਹਨਾਯਚ। ਮਹਾਂਮੋਹੇਨਤੇ ਗਰਸਤਾ ਮਾਯਯਾਚਵਿਮੋਹਿਤਃ।੨੧

ਅਰਥ–ਨੀਚ ਧਰਮ ਚਲੌਣ ਵਾਸਤੇ ਅਰਥਾਤ ਭ੍ਰਸ਼ਟ ਕਰਮਾਂ ਦੇ ਉਪਾਵ ਦਾ ਰਸਤਾ ਪੈਦਾ ਕਰਨ ਵਾਲਾ ਜੀਵਾਂ ਨੂੰ ਅਗਿਆਨੀ ਬਨਾਵਨ ਵਾਸਤੇ ਹੈ (ਤੰਬਾਕੂ ਪੈਦਾ ਹੋਯਾ ਹੈ) ਸੋ ਤੰਬਾਕੂ ਪੀਨ ਵਾਲੇ ਬਹੁਤ ਅਗਜਾਨ ਵਿਚ ਫਸੇ ਹੋਏ ਪਾਗਲ ਬਨੇ ਹੋਏ ਹਨ ॥ ੨੧ ॥

ਮੂਲ ਸ੍ਰਣੂੰ ਤਸਚ ਵਿਨਿੰਦੇ ਤੋਂ ਨ ਤਮਾਲੰ ਤਯ ਜੈਤਿ-ਯੇ। ਦੁਰਲਭੰ ਮਾਨੁੱਖੰ ਦੇਹੰ ਬ੍ਰਾਹਮਣਾਂ ਨਾਂ ਵਿਸੇਖਤਃ ॥ ੨੨ ॥

ਵੈਸ੍ਰੂਵਤ੍ਰੈ ਵਿਸ਼ੇਖੇਣ ਸ੍ਵਾਤ ਮਾਨੈ ਨੈਵ ਪਾਲਯੇਤ।

ਸਤਜੈ ਬ੍ਰਤੈ ਦਯਾ ਦਾਨੈ ਵਿਦਯਾ ਬੁਧਿਸਰਾ ਰਥਨੈ॥੨੩॥
ਸ੍ਰਬ ਬ੍ਰਿਥੈਵ ਵਿਗੇਯੇਯੰ ਤਮਾਲ ਸਯਚ ਪਾਨਤਃ ॥

ਅਰਥ–ਜੇੜ੍ਹਾ ਐਨੀ ਨਿੰਦਾ ਸੁਣਕੇ ਭੀ ਇਸ ਭ੍ਰਸ਼ਟਾਚਾਰ ਨੂੰ ਨਹੀਂ ਛਡਦਾ ਓਹ ਆਪਣੇ ਅਮੋਲਕ ਜਨਮ ਨੂੰ ਐਵੇਂ ਹੀ ਗਵਾ ਰਿਹਾ ਹੈ ਖਾਸ ਕਰਕੇ ਬ੍ਰਾਹਮਨ ॥ ੨੨ ॥ ਅਥਵਾ ਵੈਸ਼ਨੋ ਹੈ ਸੋ ਆਪਣੇ ਸਰੀਰ ਦੀ ਰਖਯਾ ਨਹੀਂ ਕਰਦਾ ਅਰਥਾਤ ਤੰਬਾਕੂ ਨੂੰ ਨਹੀਂ ਛਡਦਾ ਤਿਸਦੇ ਸੱਤ, ਬ੍ਰਤ, ਦਇਆ ਦਾਨ, ਵਿਦਯਾ ਬੁਧੀ ਮਿਹਨਤ ਆਦਿਕ ॥ ਸਾਰੇ ਹੀ ਨਿਸਫਲ ਜਾਨਣੇ ਜੋ ਤੰਬਾਕੂ ਪੀਂਦਾ ਹੈ ॥ ੨ ॥

ਮੂਲ ਤਮਾਲ ਪਿਵਮਾਨੰਤੁ ਦਿਸ਼੍ਵਾ ਯੋਨ ਨਿਵਾਰ ਯਤੇ। ਪਾਪੰਤਸਯ ਭਵੇਨਨੰ ਸਮਰਥ ਸ੍ਯੇਬ ਭਵੇਨ੍ਃ ॥ ੨੪ ॥

ਅਰਥ–ਜੋ ਪੁਰਸ਼ ਸਮਰਥ ਹੋ ਕਰਕੇ ਭੀ ਤੰਬਾਕੂ ਪੀਣ ਵਾਲੇ ਨੂੰ ਇਸ ਭ੍ਰਸ਼ਟ ਕਰਮ ਤੋਂ ਨਹੀਂ ਰੋਕਦਾ ਉਸਨੂੰ ਭੀ ਬੜਾ ਭਾਰੀ ਪਾਪ ਹੁੰਦਾ ਹੈ ॥

ਇਸਦਾ ਭਾਵ ਏਹ ਹੈ ਕਿ ਧਰਮ ਸ਼ਾਸਤ੍ਰ ਦੇ ਮੰਨਣ ਵਾਲੇ ਸਾਰੇ ਪੁਰਸ਼ਾਂ ਨੂੰ ਜੋ ਧਨ ਬਲ ਵਿਦਯਾ ਮੁਰਾਤਬੇ ਵਿਚ ਵਡੇ ਹਨ ਤੰਬਾਕੂ ਪੀਣ ਵਾਲਿਆਂ ਨੂੰ ਰੋਕਣਾ ਚਾਹੀਦਾ ਹੈ ਪਰ ਵੱਡਾ ਅਫ਼ਸੋਸ ਏਹ ਹੈ ਕਿ ਬਹੁਤ ਸਾਰੇ ਏਹਨਾਂ ਸ਼ਾਸਤ੍ਰਾਂ ਦੇ ਮੰਨਣ ਵਾਲੇ ਸਗੋਂ ਇਸ ਦੇ ਉਲਟ ਕੰਮ ਕਰ ਰਹੇ ਹਨ ॥

ਮੂਲ ਧੂਮ੍ਰਪਾਨ ਰਤੰਵਿਪ੍ਰੰ ਦਾਨੰਦਯਾਢੁਯੇਨਰਃ॥੨੫॥ ਦਾਤ੍ਰਾਰਃ ਨਰਕੰ ਯਾਤਿ ਬ੍ਰਾਹਮਣਾਃ ਗ੍ਰਾਮ ਸੂਕ੍ਰਹ ॥ ੨੬ ॥

ਅਰਥ-ਜੇਹੜਾ ਬ੍ਰਾਹਮਣ ਤੰਬਾਕੂ ਨੂੰ ਵਰਤਨ ਵਾਲਾ ਹੈ ਉਸਨੂੰ ਜੇਹੜਾ ਦਾਨ ਦੇਂਦਾ ਹੈ ਸੋ ਦੇਣ ਵਾਲਾ ਨਰਕ ਵਿਚ ਪੈਂਦਾ ਹੈ ਅਤੇ ਲੈਣ ਵਾਲਾ ਬ੍ਰਾਹਮਨ ਉਸ ਹੀ ਨਗਰ ਵਿਚ ਸੂਰ ਦਾ ਜਨਮ ਪਾਉਂਦਾ ਹੈ। ਅਰਥਾਤ ਉਸ ਨਗਰ ਦੇ ਵਿਸ਼ਟੇ ਨੂੰ ਭਖਸ਼ਣ ਕਰੇਗਾ ॥ ੨੬ ॥

ਪਰ ਬੜਾ ਅਫਸੋਸ ਇਹ ਹੈ ਕਿ ਦਾਨ ਦੇਣ ਵਾਲੇ ਦੇਣ ਦੇ ਵੇਲੇ ਅਧਿਕਾਰੀ ਅਨ ਅਧਿਕਾਰੀ ਦਾ ਜਰਾ ਭੀ ਧਿਆਨ ਨਹੀਂ ਕਰਦੇ ਆਪਣੀ ਨਾਮਵਰੀ ਦੇ ਵਾਸਤੇ ਵੱਡੇ ਵੱਡੇ ਬ੍ਰਾਹਮਨਾਂ ਨੂੰ ਜੋ ਸਾਰੇ ਜਗ ਤੋਂ ਵਧਕੇ ਤੰਬਾਕੂ ਵਰਤਦੇ ਹਨ ਦਾਨ ਦੇਂਦੇ ਹਨ, ਹਿੰਦੂ ਤਾਂ ਕਿਧਰੇ ਰਹੇ ਨਾਮ ਮਾਤਰ ਸਿੱਖ ਭਾਈ ਭੀ ਐਸੇ ਦਾਨੀਆਂ ਵਿਚ ਵਧਕੇ ਹਿੱਸਾ ਲੈਂਦੇ ਹਨ ਅਤੇ ਘਰ ਦੇ ਬਾਵਾਂ ਵਲ ਧਿਆਨ ਹੀ ਨਹੀਂ, ਆਪਣੇ ਸਕੂਲ, ਸਭਾ, ਅਖਬਾਰਾਂ ਪੈਸਿਆਂ ਖੁਣੋਂ ਕਮਜ਼ੋਰ ਹੋ ਰਹੀਆਂ ਹਨ। ਉਪਰ ਲਿਖੇ ਬ੍ਰਾਹਮਨਾਂ ਦੀ ਬਾਬਤ ਇਕ ਸੱਜਣ ਇਸ ਪਰਕਾਰ ਲਿਖਦੇ ਹਨ:-

"ਬਾਲ ਬਾਤ ਭ੍ਰਸ਼ਟ ਬ੍ਰਾਹਮਣਾਂ ਦੀ ਜੇਹੜੇ ਮਾਰ ਸੁੱਟੇ ਹੁੱਕਾ ਪੀਂਵਦੇ ਨੇ। ਪਿਤਰ ਭੇਜਦੇ ਨਰਕ ਨੂੰ ਹਿੰਦੂਆਂ ਦੇ ਘਰੀਂ ਜਿਨ੍ਹਾਂ ਦੀ ਜਾਇਕੇ ਜੀਂਵਦੇ ਨੇ। ਨਹੀਂ ਵੇਖਦੇ ਆਖਿਆ ਵਾਕ ਬ੍ਰਹਮਾਂ ਮਜ਼ੇ ਵਾਸਤੇ ਅੱਖੀਆਂ ਸੀਂਵਦੇ ਨੇ। ਦੇਵੀ ਦਿਆਲ ਇਹ ਮੱਤ ਮਲੀਨ ਵਾਲੇ ਨੀਚ ਦੇਣ ਜੋਗੇ ਵਿਚ ਨੀਂਵੇਂ ਦੇ ਨੇ ॥"

ਪਿਆਰੇ ਮਿਤਰੋ ! ਅਜੇਹੇ ਬ੍ਰਾਹਮਣਾਂ ਨੂੰ ਛੱਡੋ ਜੋ ਆਪ ਮੁਠੇ ਅਤੇ ਸਾਥੀਆਂ ਨੂੰ ਮੁਠਾਂਵਦੇ ਹਨ ॥

ਜਿੱਥੋਂ ਤਕ ਹੋ ਸਕੇ ਇਸ ਭ੍ਰਸ਼ਟਾਚਾਰ ਨੂੰ ਦੂਰ ਕਰੋ

[ਤੰਬਾਕੂ ਦੀ ਨਸਵਾਰ ਲੈਣ ਦੀ ਬੁਰਾਈਆਂ]

ਸੂੰਘਨੀ ਸੇ ਹਾਥ ਪੀਲੇ ਸੂੰਘਨੀ ਸੇ ਪੈਰ ਪੀਲੇ ਸੂੰਘਨੀ ਸੇ ਕਾਨ ਪੀਲੇ ਭਰਮ ਕੋ ਮਿਟਾਯ ਲੋ। ਸੂੰਘਨੀ ਸੇ ਦਾੜ੍ਹੀ ਪੀਲੀ ਸੂੰਘਨੀ ਸੇ ਮੂਛ ਪੀਲੀ ਮਿਤ੍ਰ ਲੋਗੋ ਆਪ ਠੀਕ ਠੀਕ ਅਜਮਾਯ ਲੋ। ਸੂੰਘਨੀ ਚੰਡਾਲੀ ਕਰੇ ਸੇਠ ਕਾ ਦਿਮਾਗ ਖਾਲੀ ਸੱਤ੍ਯ ਵਾਦੀ ਸੇਠੋਂ ਸੇ ਆਪ ਜਾ ਪੁਛਾਯ ਲੋ। ਅਤਰ ਅੰਬੀਰ ਔ ਗੁਲਾਬ ਕਿਉਂ ਨਾ ਸੂੰਘੋ ਆਪ ਸੂੰਘਨੀਂ ਸੇ ਹਾਨੀ ਹੋਵੇ ਨਿਆਯ ਸੇਂ ਲਖਾਯਲੋ ॥ ॥ ੧ ॥ ੧੦ ॥ ੧੪ ॥ ਸੂੰਘਨੀ ਸੇ ਚਾਂਮ ਸੂਖੇ ਸੂੰਘਨੀ ਸੇ ਰਕਤ ਸੂਖੇ ਸੂੰਘਨੀ ਸੇ ਬੀਰਯ ਸੂਖੇ ਆਪ ਪਤ੍ਰਖਾਯਲੋ। ਸੂੰਘਨੀ ਸੇ ਕਾਨ ਮੇਂ ਸੇ ਧਾਰਾ ਬਹੇ ਪਾਨੀ ਕੀ ਭੀ ਨਸ਼ੇ ਕਾ ਹੋਇ ਜੋਰ ਫਲ ਸੂੰਘਨੀ ਯਿਹ ਖਾਯਲੋ। ਸੂੰਘਨੀ ਸੇ ਤਾਲੂ ਸੂਖੇ ਸੂੰਘਨੀ ਸੇ ਕੰਠ ਸੂਖੇ ਸ੍ਰੋਤਾ ਲੋਗੋ ਵੈਦਯੋਂ ਸੇ ਜਾ ਫ਼ੈਸਲਾ ਕਰਾਯ ਲੋ। ਚੰਪਕ ਰਵੇਲ ਫੂਲ ਜੈਹੀ ਕਿਉਂ ਨਾਂ ਸੂੰਘੋ ਆਪ ਸੂੰਘਨੀ ਸੇ ਜੋਰ ਘਟੇ ਭਰਮ ਕੋ ਮਿਟਾਯਲੋ ॥ ੨ ॥ ੧੧ ॥ ੧੫ ॥

ਸੂੰਘਨੀ ਸੇ ਵਿਦਿਆ ਘਟੇ ਸੂੰਘਨੀ ਸੇ ਗਿਆਨ ਘਟੇ ਲੋੜ ਹੈ ਤੋ ਸੂੰਘਨੀ ਕੋ ਸੂੰਘ ਕੇ ਲਖਾਯਲੋ। ਸੂੰਘਨੀ ਸੇ ਜਿਓਤਿ ਘਟੇ ਸੂੰਘਨੀ ਸੇ ਕ੍ਰਾਂਤਿ ਘਟੇ ਇਛਾ ਹੋ ਤੋ ਆਪਣੇ ਸੰਦੇਹ ਕੋ ਮਿਟਾਯਲੋ। ਸੂੰਘਨੀ ਸੇ ਗਧਹਾ ਜੈਸੀ ਆਂਖੇ ਹੋਵੇ ਸੇਠ ਜੀ ਕੀ ਸ਼ਕ ਹੋ ਤੋ ਪਿਆਰਿਓ ਬਿਸ਼ਕ ਹੋ ਮਿਟਾਯਲੋ। ਮੋਤੀਆ ਕੇ ਫੂਲ ਔਰ ਗੇਂਦਾ ਕਿਉਂ ਨਾਂ ਸੂੰਘੋ ਆਪ ਸੂੰਘਨੀ ਕੋ ਛੋੜ ਜਨਮ ਸਫਲਾ ਕਰਾਯ ਲੋ ॥ ੩ ॥ ੨ ॥ ੧੬ ॥

ਸੂੰਘਨੀ ਕੇ ਪਰਮਾਣੂ ਜਾਵੇਂ ਜੋ ਕਲੇਜੇ ਬੀਚ ਵਹਾਂ

ਭੀ ਵੁਹ ਖੂਨ ਪੀਵੇਂ ਬੁਧ ਸੇ ਬਿਚਾਰਲੋ । ਸੁਖਨੀ ਕੇ ਪਰਮਾ ਨੂੰ ਜਾਵੇਂ ਜਬ ਨਾਭਿ ਬੀਚ ਵਹਾਂ ਭੀ ਵਹ ਖੂਨ ਪੀਵੇਂ ਭਰਮ ਕੋ ਮਿਟਾਯਲੋ। ਸੁਖਨੀ ਕੇ ਪਰਮਾ ਨੂੰ ਜਾਵੇਂ ਜੋ ਕਪਾਲ ਬੀਚ ਵਹਾਂ ਭੀ ਵੋਹ ਖੂਨ ਪੀਵੇਂ ਗਿਆਨ ਸੇ ਨਿਹਾਰ ਲੋ । ਕੇਸਰ ਕਪੂਰ ਕਸਤੂਰੀ ਕਿਤੇਂ ਨਾਂ ਸੁੰਘੋ ਆਪ ਸੁਘਨੀ ਦੀਵਾਨਾਂ ਕਰੇ ਠੀਕ ਠੀਕ ਧਾਰਲੋ ॥ ੪ ॥ ॥ ੧੩ ॥ ੧੭ ॥ ੩ ॥

ਨੂਰ ਅਫ਼ਸ਼ਾਂ ਅਖਬਾਰ ੧੪ ਦਿਸੰਬਰ ਸੰ: ੧੯੦੦ ਵਿਚ ਤੰਬਾਕੂ ਦੇ ਨੁਕਸਾਨ ਇਸ ਪਰਕਾਰ ਲਿਖੇ ਹਨ:—

(੧) ਇਸ (ਤੰਬਾਕੂ) ਮੇਂ ਦੋ ਅਰਬ ਪਚਾਸ ਕਰੋੜ ਰੁਪੱਯਾ ਹਰ ਵਰਹੇ ਖਰਚ ਹੁੰਦਾ ਹੈ।

(੨) ਇਸਦੇ ਪੀਵਨ ਵਾਲੇ ਤਿੰਨ ਅਰਬ ਹਨ ।

(੩) ਏਸਦੇ ਇੱਕ ਵਾਰ ਹੀ ਪੀਵਨ ਕਰਕੇ ਜਿਸਮ ਖਰਾਬ ਹੋ ਜਾਂਦਾ ਹੈ।

(੪) ਏਸ ਵਿਚ ਇਕ ਤੇਲ ਹੈ ਜਿਸਦਾ ਨਾਮ "ਨਾਟਕੋਟਨ" ਹੈ ਓਹ ਜ਼ਹਰ ਹੁੰਦਾ ਹੈ।

(੫) ਨਰਵਸ ਸਿਸਟਿਮ(ਨਾੜੀਆਂ ਦੇ ਇੰਤਜ਼ਾਮ) ਨੂੰ ਏਸਤੋਂ ਨੁਕਸਾਨ ਪਹੁੰਚਦਾ ਹੈ।

(੬) ਕਾਯਲ ਕੀਅਫ਼ ਜ਼ਾਯਜ਼ ਇਸ ਸੇ ਅੱਛੀ ਤਰਹ ਨਹੀਂ ਹੋਤੀ ਅਰਥਾਤ ਰਸਧਾਤੂ (ਗਜ਼ਾ ਦਾ ਪਹਲਾ ਤਬਖ ਅੰਦਰ ਦੀ ਅੱਗ ਨਾਲ ਪੱਕ ਕੇ ਨਿਕਲਿਆ ਹੋਇਆ ਜੋ ਮੇਧੇ ਵਿਚ ਹੁੰਦਾ ਹੈ) ਦਾ ਵਾਧਾ ਤੰਬਾਕੂ ਦਾ ਸੇਵਨ ਕਰਨ ਕਰਕੇ ਚੰਗੀ ਤਰਹਾਂ ਨਾਲ ਨਹੀ ਹੁੰਦਾ,ਜਿਸ ਰਸ ਦੀ ਖਛੀਣਤਾ ਕਰਕੇ ਹਿਰਦੇ ਵਿਚ ਪੀੜ, ਕੰਬਣੀ ਹਰ ਵੇਲੇ ਥਕਾਵਟ ਰਹਿਣੀ ਬਿਨਾਂ ਹੀ ਕੋਈ ਕੰਮ ਕਰਨ

ਦੇ, ਗਲਾਨੀ, ਦੂਸਰੇ ਦੀ ਗੱਲ ਨਾਂ ਸਹਾਰਨੀ, ਕ੍ਰੋਧ ਅਤੇ ਧੜਕਾ ਆਦਿਕ ਰੋਗਾਂ ਦਾ ਉਤਪੰਨ ਹੋਣਾਂ ਚਰਕ, ਸੁਸ੍ਰੁਤ ਆਦੀ ਵੈਦਕ ਗ੍ਰੰਥਾਂ ਵਿਚ ਲਿਖਿਆ ਅਤੇ ਹੁੰਦਾ ਹੈ।

(੭)ਆਦਮੀ ਏਸਕਰਕੇ ਗਰਮੀਂ ਵਾਲਾ(ਆਤਸ਼ੀ ਮਜ਼ਾਜ਼) ਹੋ ਜਾਂਦਾ ਹੈ।

(੮) ਏਹ ਆਦਮੀਨੂੰ ਬਹੁਤਾ ਵਧਨ ਤੋਂ ਰੋਕਦਾਹੈ।

(੯) ਏਸਤੋਂ ਲੜਕੇ ਚੋਰੀ ਕਰਨਾਂ ਸਿੱਖ ਲੈਂਦੇ ਹਨ।

(੧੦) ਇਸ ਤੇ ਯਾਦ ਸ਼ਕਤੀ (ਕੁਵਤ ਹਾਫਜ਼ਾ) ਕਮਜ਼ੋਰ ਹੋ ਜਾਂਦੀ ਹੈ।

(੧੧) ਇਸ ਕਰਕੇ ਬਿਹੋਸ਼ੀ ਭੀ ਹੋ ਜਾਂਦੀ ਹੈ।

(੧੨) ਦਮਾਂ ਭੀ ਏਸਤੋਂ ਹੁੰਦਾ ਹੈ।

(੧੩) ਦੰਦ ਅਤੇ ਮਸੂੜੇ ਇਸ ਨਾਲ ਖਰਾਬ ਹੋ ਜਾਂਦੇ ਹਨ ਤੇ ਮੂੰਹ ਵਿਚੋਂ ਗੰਦੀ ਮੁਸ਼ਕ ਔਂਦੀ ਹੈ।

(੧੪) ਏਸ ਕਰਕੇ ਅਕਸਰ ਆਦਮੀ ਨਮਰਦ ਹੋ ਜਾਂਦੇ ਹਨ॥

(੧੫) ਮਰਜ਼ ਫ਼ਾਲਿਜ਼ (ਅਧਰੰਗ ਪੱਖਜਾਘਾਤ) ਭੀ ਏਸ ਤੋਂ ਹੁੰਦਾ ਹੈ।

(੧੬) ਜੇਹੜੇ ਮਨੁਖ ਤੰਬਾਕੂ ਨੂੰ ਵਰਤਦੇ ਹਨ ਓਹ ਅਤੇ ਓਨਾਂ ਦੇ ਬਾਲ ਬੱਚੇ ਕਮਜ਼ੋਰ ਤੇ ਲਿੱਸੇ ਹੋ ਜਾਂਦੇ ਹਨ।

(੧੭) ਨਵੇਂ ਜਵਾਨ ਖਰਾਬੀਆਂ ਏਸਤੋਂ ਹੀ ਸਿਖਦੇਹਨ॥

(੧੮) ਤੰਬਾਕੂ ਤੇ ਰੁਪੱਯਾ ਖਰਚ ਕਰਨਾਂ ਬਰਬਾਦ (ਫ਼ਜ਼ੂਲ ਖਰਚੀ ਮੇਂ ਦਾਖਿਲ) ਹੈ॥

(੧੯) ਏਸਦੇ ਇਕ ਦੋ ਵਾਰ ਪੀਨ ਕਰਕੇ ਵਾਲੀ

ਪੈ ਜਾਂਦੀ ਹੈ ॥

(੨੦) ਬਦ ਪਰਹੇਜ਼ੀ ਇਸੀ ਕਰਕੇ ਹੋਂਦੀ ਹੈ।

(੨੧) ਏਸ ਕਰਕੇ ਬਹੁਤਿਆਂ ਦੇ ਇਕਰਾਰ (ਅਹਦ) ਟੁਟ ਜਾਂਦੇ ਹਨ॥

(੨੨) ਸਵਾਸ ਵਿਚੋਂ ਇਕ ਤਰਹਾਂ ਦੀ ਬਦਬੂ ਔਣ ਲਗ ਜਾਂਦੀ ਹੈ ॥

(੨੩) ਏਸ ਦੀ ਖਾਤਰ ਬਹੁਤੇ ਬੁਰੀਆਂ ਸੋਹਬਤਾਂ ਸਿੱਖਦੇ ਤੇ ਕਰਦੇ ਹਨ ॥

(੨੪) ਆਦਮੀ ਏਸ ਕਰਕੇ ਸੁਸਤ ਹੋ ਜਾਂਦਾ ਹੈ॥

(੨੫) ਏਸਦਾ ਵਰਤਨਾਂ ਬੀਮਾਰੀਆਂ ਵਿਚ ਬੁਰਾ ਹੈ।

(੨੬) ਅਮਰੀਕਾ ਵਿਚ ਏਸ ਕਰਕੇ ਹਰ ਵਰਹੇ ਵਿੱਚ ਵੀਹ ਹਜਾਰ ਆਦਮੀ ਮਰਦੇ ਹਨ, ਹਿੰਦੁਸਤਾਨ ਵਿਚ ਚਾਲੀ ਹਜਾਰ ਮਰਦੇ ਹਨ।

(੨੭) ਏਹ ਪੁਰਸ਼ ਦੇ ਹਰ ਇਕ ਸਰੀਰਕ ਹਿੱਸੇ ਅਤੇ ਨਾੜੀਆਂ ਨੂੰ ਖਰਾਬ ਕਰ ਦੇਂਦਾ ਹੈ।

(੨੮) ਕਿਸੇ ਖਾਸ ਬੀਮਾਰੀ ਵਿਚ ਏਹ ਫ਼ਾਯਦੇ ਮੰਦ ਨਹੀਂ ਹੈ।

(੨੯) ਪਰਾਣ ਵਾਹਕ ਨਾੜੀਆਂ (ਲਯਰਨਿਕਸ) ਵਿਚ ਖਰਾਬੀਆਂ ਏਸ ਕਰਕੇ ਹੁੰਦੀਆਂ ਹਨ।

(੩੦) ਏਹ ਆਦਮੀ ਨੂੰ ਪਾਗਲ ਕਰਦਿੰਦਾ ਹੈ।

(੩੧) ਏਸ ਕਰਕੇ ਆਦਮੀ ਦੀਆਂ ਅਖਾਂ ਕਮਜੋਰ ਹੋ ਜਾਂਦੀਆਂ ਹਨ।

(੩੨) ਏਸੇ ਕਰਕੇ ਇਸਦੇ ਪੀਂਣ ਵਾਲੇ ਵੱਡਿਆਂ ਵਿਚ ਬੁਰੇ ਸਮਝੇ ਜਾਂਦੇ ਹਨ ॥

(੩੩) ਜਿਸਮ ਦੇ ਅੰਦਰੂਨੀ ਹਿੱਸੇ (ਗੁਪਤ ਅੰਗ) ਪਰ

ਇਸਦੇ ਦਾਗ ਪੈ ਜਾਂਦੇ ਹਨ।

(੩੪) ਬਹੁਤੀਆਂ ਮੁਸੀਬਤਾਂ ਇਸ ਕਰਕੇ ਪੈਂਦੀਆਂ ਹਨ॥

(੩੫) ਬਿੱਲਕੁਲ ਆਦਤ ਨਾਂ ਹੋਣ ਕਰਕੇ ਥੋੜਾ ਜਿਹਾ (ਤੰਬਾਕੂ) ਭੀ ਵਰਤਨ ਕਰਕੇ ਜੀ ਦਤਲੌਂਦਾ ਰਹਿੰਦਾ (ਘਬਰਾਹਟ ਹੁੰਦੀ ਰਹਿੰਦੀ) ਹੈ।

(੩੬) ਜਿਸ ਜ਼ਮੀਨ ਵਿੱਚ ਤੰਬਾਕੂ ਬੀਜਿਆ ਜਾਵੇ ਉਸਦਾ ਭੀ ਸੱਤਯਾਨਾਸ ਹੋ ਜਾਂਦਾ ਹੈ॥

(੩੭ ਮਜਲਸਾਂ ਵਿਚ ਹਮੇਸ਼ਾ ਇਸਨੂੰ ਬੁਰਾ ਸਮਝਦੇ ਹਨ॥

(੩੮) ਇਸਦੇ ਪੀਂਵਨ ਵਾਲਾ ਹਮੇਸ਼ ਇਸਦਾ ਗੁਲਾਮ ਹੋ ਜਾਂਦਾ ਹੈ।

(੩੯) ਇਸ ਕਰਕੇ ਸੁੰਘਣਵਾਲੀ ਸ਼ਕਤੀ (ਕੁਵੱਤ ਸ਼ਾਹਮਾ) ਸੁਆਦ ਜਾਨਣ ਵਾਲੀ ਸ਼ਕਤੀ (ਕੁਵੱਤ ਜ਼ਾਯਕਾ) ਦੋਨੋਂ ਵਿਗੜ ਜਾਂਦੀਆਂ ਹਨ ਅਤੇ ਸੁਣਨ ਵਾਲੀ ਤਾਕਤ (ਕੁਵਤ ਸਾਹਮਿਆ) ਭੀ ਨਸ਼ਟ ਹੋ ਜਾਂਦੀਹੈ।

(੪੦) ਮੁਸਾਫਰਾਂ ਨੂੰ ਇਸ ਕਰਕੇ ਕਈ ਦੁਖ ਉਠੌਣੇ ਪੈਂਦੇ ਹਨ।

(੪੧) ਮਰਦ ਔਰਤਾਂ ਬੱਚੇ ਇਸ ਕਰਕੇ ਬਹੁਤੇ ਦੁਖ ਪਾਂਵਦ ਹਨ।

(੪੨) ਇਸੇ ਹੀ ਦੇ ਕਾਰਨ ਗਰੀਬਲੋਕ ਆਪਣੇ ਬੱਚਿਆਂ ਨੂੰ ਪਾਟੇ ਹੋਏ ਕੱਪੜੇ ਪਹਿਨੌਂਦੇ ਹਨ।

(੪੩) ਖਾਨਦਾਨ ਤੋਂ ਗਰੀਬ ਬਣਨ ਦਾ ਏਹ ਇਕ ਭਾਰਾ ਵਸੀਲਾ ਹੈ।

(੪੪) ਬਹੁਤ ਵੇਖਨ ਤੋਂ ਮਾਲੂਮ ਹੋਇਆ ਹੈ ਕਿ ਬਹੁਤੇ ਮਕਾਨਾਂ ਵਗੈਰਾ ਨੂੰ ਅੱਗ ਲੱਗ ਜਾਣੀ ਅਤੇ ਓਨਾਂ

ਦਾ ਸੜਕੇ ਸਵਾਹ ਹੋ ਜਾਣਾਂ ਇਸੇ ਹੀ ਕਰਕੇ ਹੁੰਦਾ ਹੈ (ਜਿਹਾ ਕਿ "ਖਾਲਸਾ ਅਖਬਾਰ ਨੰ: ੫ ਜਿ: ੪ ਵਿੱਚ ਮਹਿੰਦ੍ਰ ਗੜ੍ਹ "ਰਿਆਸਤ ਪਟਿਆਲਾ" ਵਿਚ ਅੱਗ ਲੱਗਕੇ ਕਈ ਮਕਾਨਾਂ ਦਾ ਸ਼ਾਕ ਸਿਆਹ ਹੋਣਾਂ ਅਥਵਾ ਨੰ: ੩ ਜਿ: ੪ ਵਿਚ ਇੱਕ ਸੰਨਿਆਸੀ ਦੇ ਮਕਾਨ ਨੂੰ ਫਾਲੀਏ ਨਾਂਮੇ ਨਗਰ ਵਿੱਚ ਅੱਗ ਲਗੱਨੀ ਜਾਂ ਕੋਹਾਟ ਦੀ ਡਰਾਵਨੀ ਅੱਗ ਜਿਸਦਾ ਕਾਰਨ ਤੰਬਾਕੂ ਹੀ ਲਿਖਿਆ ਹੈ)।

(੪੫) ਪਾਗਲ ਖਾਨੇ ਦੇ ਵਾਧੇ ਦਾ ਏਹ ਇੱਕ ਬੜਾ ਭਾਰੀ ਕਾਰਨ ਹੈ॥

(੪੬) ਇਸ ਕਰਕੇ ਸਾਰਾ ਮਕਾਨ ਗੰਦਾ ਅਤੇ ਬਦਬੂਦਾਰ ਹੋ ਜਾਂਦਾ ਹੈ।

(੪੭) ਵਿਦਿਆਰਥੀਆਂ ਨੂੰ ਮਦਰੱਸੇ ਜਾਣ ਤੋਂ ਏਸੇ ਹੀ ਕਰਕੇ ਦਿਰ ਲਗਦਾ ਹੈ।

(੪੮) ਏਸਦਾ ਸੁਆਦ ਤਲਖ ਹੁੰਦਾ ਹੈ।

(੪੯) ਇਸ ਦਾ ਸੇਵਨ ਕਰਨ ਕਰਕੇ ਗਿਜ਼ਾ ਦੀ ਨਾਲੀ, ਕੰਠ ਅਤੇ ਮੇਧੇ ਵਿੱਚ ਸੋਜ਼ਸ਼ ਹੋ ਜਾਂਦੀ ਹੈ।

(੫੦) ਇਸਦੇ ਸੁਘਣ ਕਰਕੇ ਹਮੇਸ਼ ਨੱਕ ਵਿਚੋਂ ਪਾਣੀ ਨਿੱਕਲਦਾ ਰਹਿੰਦਾ ਹੈ।

(੫੧) ਇਸਦੇ ਪੀਂਣ ਵਾਲਾ ਅੱਧਾ ਨਸ਼ੇ ਬਾਜ਼ ਅਰਥਾਤ ਨਸ਼ੇ ਬਾਜ਼ ਦਾ ਛੋਟਾ ਭਾਈ ਹੁੰਦਾ ਹੈ॥

(੫੨) ਇਸ ਕਰਕੇ ਕਈ ੨ ਆਪਸ ਵਿੱਚ ਝਗੜਾ ਭੀ ਹੋ ਪੈਂਦਾ ਹੈ।

(੫੩) ਦੇਖਨ ਵਿੱਚ ਔਂਦਾ ਹੈ ਕਿ ਇਸਦੇ ਪੀਣ

ਵਾਲਿਆਂ ਦੇ ਕੱਪੜੇ ਅਤੇ ਹੱਥ ਵਗੈਰਾ ਦਾਗ ਦਾਰ ਹੋ ਜਾਂਦੇ ਹਨ॥

(੫੪) ਇਸ ਕਰਕੇ ਸ਼ਰਾਬ ਵਗ਼ੈਰਾ ਨਸ਼ੇ ਵਾਲੀਆਂ ਭੈੜੀਆਂ ਚੀਜ਼ਾਂ ਦੀ ਵਾਦੀ ਪੈ ਜਾਂਦੀ ਹੈ॥

(੫੫) ਇਹ ਨਸ਼ੇ ਬਾਜ਼ੀ ਦੀ ਪਹਿਲੀ ਪੌੜੀ ਹੈ।

(੫੬) ਇਸਦੇ ਪੀਣ ਵਾਲੇ ਸਦਾ ਹੀ ਉਸ ਆਦਮੀ ਦੀ ਨਿੰਦਾ ਕਰਦੇ ਰਹਿੰਦੇ ਹਨ, ਜੇਹੜੇ ਇਸ (ਤੰਬਾਕੂ) ਦੀ ਬਾਬਤ ਬੁਰਾ ਕਹਿਣ ਜਾਂ ਲਿਖਣ।

(੫੭) ਇਸਦਾ ਸੇਵਨ ਕਰਨ ਕਰਕੇ ਬੜੀ ਕਮਜ਼ੋਰੀ ਹੋ ਜਾਂਦੀ ਹੈ॥

(੫੮) ਇਸਦੇ ਸੇਵਨ ਵਾਲਿਆਂ ਦੇ "ਸੀਰਕ" ਅੰਗ ਉਪਾਂਗ (ਅਬਲਾਤ) ਹਮੇਸ਼ ਢਿੱਲੇ ਰਹਿੰਦੇ ਹਨ॥

(੫੯) ਇਸਦੇ ਪੀਣ ਵਾਲੇ ਆਪਣੀ ਔਲਾਦ ਨੂੰ ਇਸਦਾ ਗ਼ੁਲਾਮ ਬਣਾ ਜਾਂਦੇ ਹਨ॥

(੬੦) ਇਸਦੇ ਧੂੰਏਂ ਕਰਕੇ ਨੇੜੇ ਬੈਠਣ ਵਾਲਿਆਂ ਨੂੰ ਦੁੱਖ ਪਹੁੰਚਦਾ ਹੈ ਅਤ ਇਸਦਾ ਧੂਆਂ ਅੱਖਾਂ ਵਾਸਤੇ ਬੜਾ ਹੀ ਮਾੜਾ ਹੈ॥

(੬੧) ਜੇਹੜੇ ਲੋਕ ਇਸਦੇ ਆਦੀ ਹੁੰਦੇ ਹਨ ਓਹ ਤੁੱਕੇ ਦੇ ਨੇਚੇ ਵਗੈਰਾ ਨਾਲ ਆਪਣੀਆਂ ਅੱਖਾਂ ਤੋਂ ਭੀ ਹੱਥ ਧੋ ਬੈਠਦੇ ਹਨ॥

(੬੨) ਇਸੇ ਦੀ ਹੀ ਭੈੜੀ ਵਾਦੀ ਕਰਕੇ ਰਾਤ ਨੂੰ ਨਾ ਸੌਂਣਾ ਅਤੇ ਆਪਣੇ ਜਿਸਮ ਨੂੰ ਦੁਖ ਦੇਂਣਾ ਲੋਗ ਖੁਸ਼ੀ ਨਾਲ ਕਬੂਲ ਕਰਦੇ ਹਨ॥

(੬੩) ਇਸੇ ਹੀ ਕਰਕੇ ਲੋਕੀ ਭਜਨ ਕਰਨਾ ਭੀ ਭੁੱਲ ਜਾਂਦੇ ਹਨ ਕਿਉਂਕਿ ਸਵੇਰੇ ਹੀ ਉਠਕੇ ਪ੍ਰਮੇਸ਼ਰ ਦੇ

ਭਜਨ ਵਿਚ ਲੱਗਾਣਾਂ ਚਾਹੀਦਾ ਹੈ, ਪਰ ਹਜ਼ਰਤ ਤੰਬਾਕੂ ਦੇ ਦੋਸਤ (ਪੀਣ ਵਾਲੇ) ਸੇਵਨ ਵਿਚ ਲੱਗ ਜਾਂਦੇ ਹਨ॥

(੬੪) ਬਹੁਤਾ ਦੇਖਿਆ ਜਾਂਦਾ ਹੈ ਕਿ ਛੋਟੇ ਲੜਕੇ ਆਪਣੇ ਹੱਥਾਂ ਨੂੰ ਸਾੜ ਲੈਂਦੇ ਹਨ, ਜਦੋਂ ਓਹ ਆਪਣੇ ਵੱਡਿਆਂ ਦੀ ਚਿਲਮ ਭਰਕੇ ਦੇਂਦੇ ਹਨ॥

(੬੫) ਜੇ ਕਰ ਕੋਈ ਕਿਸੇ ਨੂੰ ਚਿਲਮ ਭਰਨ ਵਾਸਤੇ ਆਖੇ ਤਦ ਓਹ ਲੋਕ ਬੜਾ ਹੀ ਭੈੜਾ ਸਮਝਕੇ ਖੁਸ਼ੀ ਨਾਲ ਨਹੀਂ ਮੰਨਦੇ॥

(੬੬) ਏਸਦਾ ਵਰਤਨਾ ਸ਼ੁਰੂ ਕਰਨਾ ਤਾਂ ਸੁਖਾਲਾ ਹੈ ਪਰ ਛਡਣਾਂ ਜਾਨ ਦੇਣ ਤੋਂ ਭੀ ਔਖਾ ਪ੍ਰਤੀਤ ਹੁੰਦਾ ਹੈ॥

(੬੭) ਬਹੁਤੇ ਆਦਮੀ ਏਸੇ ਹੀ ਦੇ ਕਾਰਨ ਆਪਣੇ ਜ਼ਰੂਰੀ ਅਤੇ ਨਿਤ ਕਰਮਾਂ ਨੂੰ ਪੂਰਾ ਨਹੀਂ ਕਰ ਸਕਦੇ॥

(੬੮) ਦੇਖਣ ਵਿਚ ਆਇਆ ਹੈ ਕਿ ਬਹੁਤੇ ਲੋਗ ਏਸਦੇ ਅਜੇਹੇ ਆਦੀ ਹੋ ਜਾਂਦੇ ਹਨ ਜੋ ਬਗੈਰ ਹੁਕਾ ਪੀਣ ਦੇ ਓਹਨਾਂ ਨੂੰ ਝਾੜਾ ਭੀ ਨਹੀਂ ਆਂਵਦਾ॥

(੬੯) ਤੰਬਾਕੂ ਕੁੱਟਣ ਦੇ ਵੇਲੇ ਜੇਹੜੀ ਧਾਂਸ (ਧੂੜ) ਉਡਦੀ ਹੈ ਓਸ ਨਾਲ ਸਿਰਫ਼ ਤੰਬਾਕੂ ਕੁੱਟਣ ਵਾਲੇ ਦਾ ਹੀ ਸਾਹ ਨੱਕ ਵਿੱਚ ਨਹੀਂ ਔਂਦਾ, ਜਿਸ ਕਰਕੇ ਓਹ ਆਪਣੇ ਨੱਕ ਤੇ ਮੂੰਹ ਤੇ ਪੱਟੀ ਬੰਨ੍ਹਦਾ ਹੈ ਸਗੋਂ ਏਸ ਦੇ ਇਰਦ ਗਿਰਦ ਦੇ ਲੋਕਾਂ ਨੂੰ ਭੀ ਇਸਦਾ ਭੈੜਾ ਗੰਦਾ ਇਨਾਮ ਜ਼ਰੂਰ ਹਿੱਸੇ ਔਂਦਾ ਹੈ॥

(੭੦) ਬਹੁਤਾ ਦੇਖਣ ਵਿਚ ਔਂਦਾ ਹੈ ਕਿ ਜੇਹੜੇ ਲੋਕ ਹੁੱਕੇ ਦੇ ਆਦੀ ਹੋਜਾਂਦੇ ਹਨ ਓਹਨਾਂ ਦੇ ਨੱਕ ਵਿਚੋਂ ਬਦਬੂ ਔਣ ਲਗ ਜਾਂਦੀ ਹੈ, ਜਿਸ ਕਰਕੇ ਹਰ ਇਕ

ਆਦਮੀ ਓਹਨਾਂ ਨੂੰ ਬੁਰਾ ਜਾਣਦਾ ਹੈ ॥

(੭੧) ਜੇ ਵੇਲੇ ਸਿਰ ਨਾ ਮਿਲੇ ਤਾਂ ਬਹੁਤੀ ਢਿਡ ਪੀੜ, ਨਾਡ ਦਾ ਹੋਣਾ ਜਾਂ ਮਰੋੜ ਵਗੈਰਾ ਲਗ ਜਾਂਦੇ ਹਨ ॥

(੭੨) ਮੇਦੇ ਦੀ ਬੜੀਆਂ ੨ ਖਰਾਬ ਬੀਮਾਰੀਆਂ ਇਸੇ ਬੁਰੀ ਚੀਜ਼ ਕਰਕੇ ਹੋ ਹੋ ਜਾਂਦੀਆਂ ਹਨ ॥

(੭੩) ਕਈ ਆਦਮੀ ਹੁੱਕੇ ਦੇ ਅਜੇਹੇ ਆਦੀ ਹੋ ਜਾਂਦੇ ਹਨ ਕਿ ਕਦੀ ਕਦੀ ਓਹਨਾਂ ਨੂੰ ਰੋਟੀ ਖਾਣੀ ਭੀ ਭੁੱਲ ਜਾਂਦੀ ਹੈ ॥

(੭੪) ਏਹ ਜਿਸਮ ਦਾ ਖੂਨ ਘਟਾ ਦੇਂਦਾ ਹੈ ਜਿਸ ਕਰਕੇ ਸਰੀਰਕ ਰੱਖਯਾ ਵਿਚ ਗੜ ਬੜ ਮੱਚ ਜਾਂਦੀ ਹੈ।

(੭੫) ਇਹ ਲੋਕਾਂ ਨੂੰ ਅਜੇਹਾ ਪਾਗਲ ਬਣਾ ਦਿੰਦਾ ਹੈ ਕਿ ਕਈ ਵੇਲੇ ਏਸਦੇ ਔਗੁਣਾਂ ਦਾ ਪਤਾ ਹੁੰਦਿਆਂ ਭੀ ਆਪਣੀ ਜਾਨ ਨੂੰ ਦੁਖ ਵਿੱਚ ਪਾ ਦੇਂਦੇ ਹਨ ॥

(੭੬) ਬਹੁਤੀਆਂ ਜਨਾਨੀਆਂ ਦੀ ਬੇਪਰਦਗੀ ਅਤੇ ਖੋਟੀਆਂ ਆਦਤਾਂ ਪੈਣ ਦਾ ਏਹੋ ਇੱਕ ਕਾਰਨ ਹੈ।

(੭੭) ਇਸਦਾ ਸੇਵਨ ਕਰਨ ਕਰਕੇ ਆਦਮੀ ਦਾ ਸਿਰ ਚਕਰਾਨ ਲੱਗ ਜਾਂਦਾ ਹੈ।

(੭੮) ਏਸਦੇ ਚੱਬਨ ਵਾਲਿਆਂ ਦੇ ਮੂੰਹ ਵਿਚੋਂ ਹਰ ਵੇਲੇ ਬਦਬੂ ਔਂਦੀ ਰਹਿੰਦੀ ਹੈ।

(੭੯) ਪਾਨ ਦੇ ਨਾਲ ਏਸਨੂੰ ਮਿਲਾਕੇ ਖਾਣ ਨਾਲ ਪਾਨ ਦੇ ਭੀ ਸਾਰੇ ਗੁਣ ਦੂਰ ਹੋ ਜਾਂਦੇ ਹਨ।

(੮੦) ਖਰਾਬ ਆਦਮੀਆਂ ਦੀ ਸੋਹਬਤ ਕਰਨ ਦਾ ਵਸੀਲਾ ਅਤੇ ਔਰਤਾਂ ਦੇ ਬਦਕਾਰ ਹੋਵਨ ਦਾ ਏਹ ਬੜਾ ਭਾਰਾ ਸਬੱਬ ਹੈ ॥

(੯੧) ਇਸਦਾ ਸੇਵਨ ਕਰਨ ਕਰਕੇ ਕਿਸੇ ਵੇਲੇ ਕੈ ਭੀ ਹੋ ਜਾਂਦੀ ਹੈ,ਜੋ ਲੋੜ ਦੇ ਬਿਨਾਂ ਬਹੁਤ ਮਾੜੀ ਹੁੰਦੀਹੈ।

(੯੨) ਤੰਬਾਕੂ ਦਾ ਬਹੁਤਾ ਸੇਵਨ ਕਰਨ ਕਰਕੇ ਕਿਸੇ ਕਿਸੇ ਵੇਲੇ ਠੰਢਾ ਪਸੀਨਾ ਔਂਦਾ ਅਤੇ ਨਬਜ਼ ਬੈਠ ਜਾਂਦੀ ਹੈ ਤੇ ਆਦਮੀ ਸਰਦ ਹੋ ਕਰਕੇ ਮਰ ਜਾਂਦਾ ਹੈ।

(੯੩) ਨੌਕੋਟੀਨ 'ਅਰਥਾਤ ਜੌਹਰ ਤੰਬਾਕੂ' ਜੋ ਬੜਾ ਬੁਰਾ ਜ਼ਹਰ ਹੈ ਝੱਟ ਹੀ ਦਿਲ ਦੀ ਹਰਕਤ ਨੂੰ ਰੋਕ ਕੇ ਆਦਮੀ ਨੂੰ ਮਰਨ ਵਰਨਾ ਕਰ ਦੇਂਦਾ ਹੈ॥

(੯੪) ਬਹੁਤੇ "ਡਾਕਟਰਾਂ" ਨੇ ਮਲੂਮ ਕੀਤਾ ਹੈ ਕਿ ਏਹ ਨਸ਼ਾ ਬੜਾ ਹੀ ਮਾੜਾ ਹੈ, ਤੰਦਰੁਸਤੀ ਨੂੰ ਵਿਗਾੜਨ ਵਾਲਾ ਹੈ।(ਏਸੇ ਹੀ ਕਰਕੇ ਮੈਂ ਸਾਰਿਆਂ ਦੇ ਭਲੇ ਵਾਸਤੇ ਤੰਬਾਕੂ ਦੇ ਨੁਕਸਾਨ ਲਿਖੇ ਹਨ)

ਪਿਆਰੇ ਪਾਠਕ ਜੀ ! ਏਹ ਉਪਰ ਤੰਬਾਕੂ ਦੀ ਬਾਬਤ 'ਐਡੀਟਰ ਨੂਰ ਅਫਸ਼ਾ ਅਖਬਾਰ'ਦਾ ਲਿਖਿਆ ਹੋਯਾਹੈ।

(੧) ਸੂਰਜ ਪ੍ਰਕਾਸ਼ ਅਖਬਾਰ ੧ ਫਰਵਰੀ ਸੰਨ੧੯੦੧ ਸਫਾ ੫ ਕਾਲਮ ੧ ਜਵਾਬ ਨੰਬਰ ੧੨ ਵਿਚ ਤੰਬਾਕੂ ਦੇ ਨੁਕਸਾਨ ਨਿਹਾਲ ਚੰਦ ਜੀ ਹਕੀਮ ਇਸਤਰਾਂ ਲਿਖਦੇ ਹਨ:—

"ਹੁਕਾ ਠੀਕ ਸੀਨੇ ਦਾ ਦੁਸ਼ਮਨ ਹੈ ਔਰ ਦਮੇਂ ਦਾ ਪਿਉ ਹੈ, ਸੁਆਦ ਦੇ ਪੱਠਿਆਂ ਨੂੰ ਸੁਲੌਂਦਾ ਹੈ,ਗਰੀਬ ਹੁਕਾ ਪੀਣ ਵਾਲੇ ਨੂੰ ਬੁਢਾਪੇ ਅਤੇ ਮਰਨੇ ਵੇਲੇ ਦੇਖਣਾ ਚਾਹੀਦਾ ਹੈ॥

ਤੰਬਾਕੂ ਪੀਣੇ ਵਾਲਾ ਦੁਨੀਆਂ ਵਿਚ ਸਭ ਤੋਂ ਪਹਿਲਾ ਕੁਲੰਬਸ ਹੈ ਜਿਨ ਅਮਰੀਕਾ ਢੂੰਢਿਆਸੀ ਤੇ ਹਿੰਦੁਸਤਾਨ ਵਿਚ ਸ਼ਾਹ ਜਹਾਂਗੀਰ ਸੀ ਜੋ ਦਮੇਂ ਦੀ ਮਰਜ਼ ਨਾਲ ਹੀ ਤੜਫ ੨ ਕੇ ਮੋਯਾ ਸੀ। ਹੇਠ ਲਿਖੇ ਪ੍ਰਸਿੱਧ ਮੰਨੇ ਪ੍ਰਮੰਨੇ

ਡਾਕਟਰਾਂ ਨੇ ਆਪਣੀਆਂ ਸੰਮਤੀਆਂ ਇਸ ਪ੍ਰਕਾਰ ਲਿਖੀਆਂ ਹਨ।

(੧) ਡਾਕਟਰ ਵਾਟਰ ਹਾਊਸ ਸਾਹਿਬ ਜੀ ਦਾ ਕਥਨ ਹੈ ਕਿ ਮੈ ਨੇ ਆਪਣੀ ਉਮਰ ਦੇ ਪਿਛਲੇ ਵਰਿਹਾਂ ਵਿਚ ਐਸੇ ਆਦਮੀ ਬਹੁਤ ਘਟ ਦੇਖੇ ਹਨ ਜਿਨਾਂ ਨੂੰ ਸਿਲ (ਰਾਜ ਯਖਮਾਂ) ਤਪ'ਦਕ ਅਤੇ ਗੰਠੀਏ ਦੀ ਮਰਜ਼ ਹੋਵੇ ਪਰ ਹੁਕਾ ਨਾ ਪੀਂਦੇ ਹੋਣ॥

(ਅਰਥਾਤ ਇਹ ਬੀਮਾਰੀਆਂ ਹੁਕਾ ਪੀਵਨ ਵਾਲਿਆਂ ਨੂੰ ਹੀ ਬਹੁਤ ਹੁੰਦੀਆਂ ਹਨ)॥

(੨) ਡਾਕਟਰ ਬੀ, ਡਬਲਯੂ, ਰਿਚਰਡ ਸਨ ਐਮ. ਡੀ ਅਲ. ਐਲ. ਡੀ. ਐਫ. ਆਰ. ਐਸ. ਸਾਹਿਬ ਲਿਖਦੇ ਹਨ ਕਿ ਤੰਬਾਕੂ ਪੀਣਾ ਇਕ ਅਜੇਹੀ ਬੁਰੀ ਆ-ਦਤ ਹੈ ਜੋ ਕਿਸੇ ਨੂੰ ਭੀ ਪੈਣੀ ਨਹੀਂ ਚਾਹੀਦੀ, ਜੇਕਰ ਤੁਸੀ ਆਪਣੇ ਜਿਸਮ ਨੂੰ ਜੋ ਕਿ ਇਕ ਮੰਦਰ ਦੀ ਤਰਹ ਹੈ ਮਜ਼ਬੂਤ ਅਤੇ ਪਵਿਤ੍ਰ ਕਰਨਾ ਚਾਹੁੰਦ ਹੋ. ਤਦ ਤੰਬਾਕੂ ਨਾਂ ਛੂਹੋ, ਨਾਂ ਪੀਓ, ਖਾਸ ਕਰ ਨੌ ਜਵਾਨਾਂ ਨੂੰ ਇਸਤੋਂ ਪਰਹੇਜ਼ ਕਰਨਾ ਚਾਹੀਦਾ ਹੈ, ਏਹ ਆਦਤ ਬਹੁਤ ਸਾਰੀ ਬੀਮਾ-ਰੀਆਂ ਦੀ ਮਾਂ ਹੈ॥

(੩) ਡਾਕਟਰ ਕੌਨ ਕਿਸਟ ਸਾਹਿਬ ਲਿਖਦੇ ਹਨ ਕਿ ਮੈਂ ਸਾਰੀ ਉਮਰਵਿਚ ਬਦਹਜ਼ਮੀ ਦੇ ਬਹੁਤ ਖਰਾਬ ਅਤੇ ਅਸਾਧ (ਲਾਇਲਾਜ) ਰੋਗੀ ਮੇਦਾ ਅਤੇ ਕਲੇਜੇ ਦੀਆਂ ਮਾਰੂ ਮੁਹਲਕ ਬੀਮਾਰੀਆਂ ਸਿਰਫ ਤੰਬਾਕੂ ਪੀਵਨ ਜਾਂ ਨਸਵਾਰ ਲੈਨ ਕਰਕੇਹੀ ਉਤਪੰਨ ਹੁੰਦੀਆਂ ਦੇਖੀਆਂ ਹਨ॥

(੪) ਡਾਕਟਰ ਆਰਿੰਟ ਸਾਹਿਬ ਲਿਖਦੇ ਹਨ ਕਿ ਨਾਂ ਮੈਂ ਕਦੇ ਹੁਕਾ ਪੀਤਾ ਅਤੇ ਨਾਂ ਹੀ ਅਗੇ ਪੀਵਾਂਗਾ, ਤੰਬਾਕੂ

ਪੀਵਨ ਵਾਲੇ ਦੀਆਂ ਗੱਲਾਂ (ਚੁਕ ਸਾਰਿਆਂ) ਤੋਂ ਸ਼ਾਂਤਿ ਜ਼ਿੰਦਗੀ ਦਾ ਰਸ ਨਸ਼ਟ ਹੋ ਜਾਂਦਾ ਹੈ ਤੇ ਜ਼ਰਦੀ ਛਾਈ ਰਹਿੰਦੀ ਹੈ।

(੫) ਡਾਕਟਰ ਆਰ. ਬੀ. ਅਲਜਗਬੰਡਰ ਐਮ.ਡੀ. ਐਫ. ਐਸ. ਆਰ. ਸੀ. ਆਈ. ਅਪਨੀ ਰਾਇ ਦਸਦੇ ਹਨ ਕਿ:–ਤੰਬਾਕੂ ਤੇ ਸ਼ਰਾਬ ਜ਼ਹਰੀਲੀਆਂ ਚੀਜ਼ਾਂ ਹਨ ਅਤੇ ਜਿਸਮ ਦੀ ਤਾਕਤ ਵਾਸਤੇ ਬੜੀਆਂ ਹੀ ਖਰਾਬ ਹਨ।

(੬) ਡਾਕਟਰ ਗਬਨ ਸਾਹਿਬ ਲਿਖਦੇ ਹਨ ਤੰਬਾਕੂ ਕੁਵਤ ਹਾਜ਼ਮਾਂ ਨੂੰ ਘਟੌਂਦਾ ਹੈ ਖੂਨ ਵਿਚ ਜ਼ਹਰ ਦਾ ਅਸਰ ਫੈਲੌਂਦਾ ਹੈ, ਮਰਦਾਨਗੀ ਨੂੰ ਘਟ (ਨਾਮਰਦ ਜਾਂ ਕਾਇਰ) ਕਰਦਾ ਹੈ, ਹਥ ਪੈਰ ਕੰਬਣ ਲਗ ਜਾਂਦੇ ਹਨ, ਦਿਲ ਨੂੰ ਬਿਲਕੁਲ ਕਮਜ਼ੋਰ ਕਰ ਦਿੰਦਾ ਹੈ॥

(੭) ਜੇ ਰੰਨਲਡ ਆਰਟਨ ਸਾਹਿਬ ਐਫ. ਆਰ. ਸੀ. ਐਸ. ਇਸ ਤਰਾਂ ਕਹਿੰਦੇ ਹਨ ਕਿ ਮੇਰੇ ਤਜਰਬੇ ਵਿਚ ਪ੍ਰਤੀਤ ਹੋਇਆ ਹੈ ਕਿ ਬਹੁਤ ਸਾਰੇ ਨੌ ਜਵਾਨਾਂ ਦੀ ਸਰੀਰਕ (ਜਿਸਮਾਨੀ) ਅਤੇ ਦਿਮਾਗ ਦੀ ਤਾਕਤ ਸਿਰਫ ਤੰਬਾਕੂ ਦੇ ਇਸਤਹਮਾਲ ਕਰਕੇ ਹੀ ਬਿਲਕੁਲ ਨਸ਼ਟ ਹੋ ਗਈ॥

(੮) ਪ੍ਰੋਫੈਸਰ ਜੌਨ ਸਟੇਟ ਸਾਹਿਬ ਲਿਖਦੇ ਹਨ ਕਿ ਸੌ ਗਰੇਨ ਤੰਬਾਕੂ ਪੀਤਾ ਜਾਵੇ ਤਾਂ ਉਸਦੇ ਵਿਚ ਵੀਹ ਗ੍ਰੇਨ ਜ਼ਹਰ ਹੁੰਦੀ ਹੈ ਦੁਨੀਆਂ ਵਿਚ ਸਭ ਤੋਂ ਵਧ (ਮਾਰ ਦੇਣ ਵਾਲੀ) ਜ਼ਹਰ ਹੈ॥ (ਏਹ ਨਮੂਨਾ ਮਾਤ੍ਰ ਹਨ)

(ਇਸ ਪਰਕਾਰ ਤੰਬਾਕੂ ਦੇ ਖੰਡਨ ਵਿਚ ਉਪਰ ਲਿਖੇ ਮਸ਼ਹੂਰ ਡਾਕਟਰਾਂ ਦੀਆਂ ਬੇਅੰਤ ਰਾਵਾਂ ਹਨ)॥ ੫॥

ਡਾਕਟਰ ਰੁਵਕ 'ਲੰਡਨ' ਨਿਵਾਸੀ ਅਪਨੀ ਬਣਾਈ

ਤੁਸਾਂ ਹੀ ਗਲਤੀ ਨਹੀਂ ਕੀਤੀ ਇਹ ਐਸੇ ਕੁਚਾਲ ਹੁਣ ਹੌਲੀ੨ ਸਾਰੇ ਪ੍ਰਚਲਤ ਹੋ ਰਹੀ ਹੈ । ਵੱਡਾ ਘਰ ਵੇਖਦੇ ਹਨ, ਧੀ ਦੇ ਅਸਲ ਸੁਖਾਂ ਦਾ ਕੋਈ ਭੀ ਧਿਆਨ ਨਹੀਂ ਕਰਦਾ (ਪ੍ਰਵਸ ਕੌਰ ਵੱਲ ਤੱਕ ਕੇ) ਚੁੱਪ ਕਰ ਬੱਚੀ ਰੋ ਨਾਂ, ਆਪਣੀ ਭਰਜਾਈ ਪਾਸੋਂ ਬਾਣੀ ਦਾ ਪਾਠ ਸੁਣਿਆ ਕਰ, ਦੁਖ ਤੇ ਰੋਗ ਬਿਨਸ ਜਾਣਗੇ, ਕੇਵਲ ਵਾਹਿਗੁਰੂ ਦੀ ਟੇਕ ਰੱਖ।

• ਪ੍ਰਵਸ ਕੌਰ–ਬੇਬੇ ਜੀ! ਇਹ ਕੁਚਾਲ ਕਦੋਂ ਹਟੂ, ਜਵਾਨ ਹੁੰਦਿਆਂ ਬੇਸਮਝਾਂ ਨੇ ਆਪਣੀ ਉਮਰ ਜਿੱਥੇ, ਕੱਟਣੀ ਹੈ ਉਨ੍ਹਾਂ ਵਾਸਤੇ ਬਿਨਾਂ ਪੁੱਛਣ ਦੇ ਅਜੋੜ ਜੋੜੀਆਂ ਜੋੜੀਆਂ ਜਾਂਦੀਆਂ ਹਨ, ਪਹਿਲਾਂ ਭਾਵੇਂ ਸੁਖਾਂ ਦਾ ਖਿਆਲ ਕਰਕੇ ਖੁਸ਼ ਹੋਵਨ, ਪਰ ਮਗਰੋਂ ਉਨ੍ਹਾਂ ਨੂੰ ਮੇਲੇ ਚਾਕਰ ਪ੍ਰੇਮ ਰਹਿਤ ਹਿਰਦੇ ਤੋਂ ਦੁਖ ਭੋਗਣੇ ਪੈਂਦੇ ਹਨ, ਵਾਹਿਗੁਰੂ ਜੀ! ਕੀ ਅਸਾਂ ਵਿਚਾਰੀਆਂ ਦੇ ਦੁਖ ਏਸੇ ਤਰਾਂ ਚਲੇ ਚਲਣਗੇ ? ਨਵੇਂ ਤੋਂ ਨਵੇਂ ਦੁਖ ਦਾ ਸ਼ਿਕਾਰ ਹੋਵਾਂਗੀਆਂ, ਕੀ ਸਾਡੇ ਮਾਪਿਆਂ ਨੂੰ ਕੁਝ ਸੁਮੱਤ ਦਾਨ ਨਹੀਂ ਦੇਵੋਗੇ ? ਕੀ ਏਸੇ ਤਰਾਂ ਦੁਖ ਦੀ ਜਗਵੇਦੀ ਵਿੱਚ ਸਾਡੀ ਅਬਲਾ ਦੀ ਅਹੁਤੀ ਹੁੰਦੀ ਰਹੇਗੀ ? ਕੋਈ ਸਾਡਾ ਵੀਰ ਸਾਡੇ ਦੁਖਾਂ ਤੇ ਤਰਸ ਖਾਕੇ ਪੁਕਰੂ ? ਇਹ ਆਖ ਹੀ ਰਹੀ ਸੀ ਕਿ ਕੁਝ ਅਜੇਹਾ ਰੋਗ ਪਿਆ ਜੋ ਵਿਚਾਰੀ ਪਰਵਸ ਕੌਰ ਮਸੂਮ ਕੰਨਜਾਂ ਨੂੰ ਪਰਵਸ ਛੱਡ ਕੇ ਜਮਾਂ ਦੇ ਵੱਸ ਹੋ ਪਰਲੋਕ ਸਧਾਰੀ ਵਿਚਾਰੀ ਦੀ ਮਾਂ–ਜਿਗਰ ਦਾ ਟੁਕੜਾ ਵਿਨਸ ਜਾ[illegible] ਹੁੰਦਿਆਂ ਵਿੱਚ ਸੋਗ ਨੂੰ ਦਿਖਲਾਵੇ ਦਾ ਵਰਤ

੨੪ [ਅਬਲਾ ਵਿਲਾਪ]

ਨੂੰ ਪਿਟਾ ਪਿਟੀ ਸਹਾਰ ਨਾਂ ਸਕੀ ਤੇ ਧੀ ਦੇ ਮਰਦਿਆਂ ਹੀ ਘਰ ਤੁਰ ਆਈ।

ਪਿਆਰੇ ਪੜ੍ਹਨ ਤੇ ਸੁਣਨ ਵਾਲਿਓ! ਜੇ ਤੁਸਾਂ ਦਿੱਲ ਵਿੱਚ ਤਰਸ ਯਾ ਕੁਝ ਦਯਾ ਹੈ, ਤੇ ਕੁਝ ਦੇਸ਼ ਦਾ ਭਉ ਰਖਦੇ ਹੋ ਤਾਂ ਕਦੇ ਭੀ ਮਸੂਮ ਤੇ ਨਿਰਅਪਾਧ ਬਚੜੀ ਨੂੰ ਅਜੇਹੇ ਦੁਖ ਵਿੱਚ ਨਾਂ ਪਾਉਣਾ ਤੇ ਨਾਂ ਪੈਣ ਦੇਣਾ। ਹਣ ਸਾਡਾ ਦੇਸ ਬਹੁਤ ਰਸਾਤਲ ਨੂੰ ਜਾ ਚੁੱਕਾ ਹੈ, ਜੇ ਹੁਣ ਭੀ ਨਾਂ ਸੰਭਲੋਗੇ ਤਾਂ ਕਦੋਂ ਸੰਭਲੋਗੇ? ਲਉ ਹੁਣ ਬੱਸ! ਹੋਰ ਫੇਰ ਸਹੀ।

ਸ੍ਰੀ ਵਾਹਿਗੁਰੂ ਜੀ ਕਾ ਖਾਲਸਾ।
ਸ੍ਰੀ ਵਾਹਿਗੁਰੂ ਜੀ ਕੀ ਫਤਹ।